ਸ੍ਰੀ ਦਸਮ ਗ੍ਰੰਥ ਸੰਬੰਧੀ

ਡਾ. ਜਸਬੀਰ ਸਿੰਘ ਮਾਨ ਦੇ ਸੰਦੇਹਾਂ ਦਾ ਉਤਰ – ਭਾਗ 2

Dr. Harbhajan Singh
Head/Project Director
Dr. Balbir Singh Sahitya Kendra
Dehradun.

ਰੁਚੀਮਾਨ ਪਾਠਕਾਂ ਨੂੰ ਇਹ ਭਲੀ-ਭਾਂਤਿ ਪਤਾ ਹੈ ਕਿ ਕੈਲੀਫੋਰਨੀਆ ਨਿਵਾਸੀ ਸ੍ਰੀ ਦਸਮ ਗ੍ਰੰਥ-ਵਿਰੋਧੀ ਧੜੇ ਦੇ ਪ੍ਰਮੁਖ ਆਗੂ ਡਾ. ਜਸਬੀਰ ਸਿੰਘ 'ਮਾਨ' ਨੇ, ਸਿਖ ਪੰਥ ਦੀ ਭਲਾਈ ਅਤੇ ਨਿਰਪਖਤਾ ਦੀ ਨਕਾਬ ਹੇਠ ਸ੍ਰੀ ਦਸਮ ਗ੍ਰੰਥ ਵਿਰੁਧ ਇਕ ਨਵਾਂ ਪੈਂਤਰਾ ਸਿਰਜ ਕੇ ਆਮ ਸਿਖਾਂ ਨੂੰ ਗੁਮਰਾਹ ਕਰਨ ਅਤੇ ਵਿਦਵਤਾ ਦਾ ਝੂਠਾ ਪ੍ਰਭਾਵ ਜਮਾਉਣ ਵਾਸਤੇ ਕਈ ਸਾਰੀਆਂ ਫ਼ਜ਼ੂਲ ਫੋਟੋ-ਕਾਪੀਆਂ ਨਾਲ ਅਸ਼ੋਭਿਤ ਕੀਤਾ '**Guru Granth Sahib ;** as the only Sikh canon: Presently Published Sri Dasam Granth and British Connection' ਨਾਮੀ ਲੇਖ ਲਿਖਿਆ ਸੀ, ਜਿਸ ਦਾ ਯੁਕਤੀ-ਸੰਗਤ ਉਤਰ ਮੈਂ 'ਸ੍ਰੀ ਦਸਮ ਗ੍ਰੰਥ ਸੰਬੰਧੀ ਡਾ. ਜਸਬੀਰ ਸਿੰਘ ਮਾਨ ਦੇ ਸੰਦੇਹਾਂ ਦਾ ਉਤਰ' ਨਾਮੀ ਲਿਖਿਤ ਦੁਆਰਾ ਦਿਤਾ ਸੀ। ਪਿਛੇ ਜਿਹੇ ਉਨ੍ਹਾਂ ਨੇ ਫਿਰ 'Decadent Movement of Parallel Granth in Sikhism: A schismatic Vision' ਲਿਖਿਆ ਹੈ। ਇਕ ਗੱਲ ਪਾਠਕਾਂ ਦੇ ਵਿਸ਼ੇਸ਼ ਧਿਆਨ ਦੇਣ ਵਾਲੀ ਹੈ ਕਿ ਡਾ. ਮਾਨ ਪੰਥ ਨੂੰ ਗੁਮਰਾਹ ਕਰਨ ਵਾਸਤੇ ਹਰ ਵਾਰੀ ਸਿਰਲੇਖ ਅਜਿਹਾ ਬਣਾਉਂਦੇ ਹਨ, ਜਿਸ ਤੋਂ ਇਹ ਭਰਮ ਪੈਦਾ ਹੋਵੇ ਕਿ ਸ੍ਰੀ ਦਸਮ ਗ੍ਰੰਥ ਤੋਂ ਗੁਰੂ ਗ੍ਰੰਥ ਸਾਹਿਬ ਦੀ ਗੁਰੁਤਾ ਨੂੰ ਖ਼ਤਰਾ ਹੈ ਅਤੇ ਸ੍ਰੀ ਦਸਮ ਗ੍ਰੰਥ ਜੀ ਨੂੰ ਗੁਰੂ-ਕ੍ਰਿਤ ਕਹਿਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੋਂ ਮੁਨਕਰ ਹਨ। ਉਹ ਦੂਜਾ ਭਰਮ ਇਹ ਪੈਦਾ ਕਰਦੇ ਹਨ ਕਿ ਸ੍ਰੀ ਦਸਮ ਗ੍ਰੰਥ ਦੇ ਕੁਝ ਵਿਵਾਦਿਤ ਅੰਸ਼ਾਂ ਨੂੰ ਛਡ ਕੇ ਬਾਕੀ ਬਾਣੀ ਦੇ ਉਹ ਵਿਰੋਧੀ ਨਹੀਂ ਹਨ, ਪਰ ਆਪਣੀ ਹਰ ਲਿਖਿਤ ਅੰਦਰ ਇਹੋ ਸਿਧ ਕਰਨ ਦਾ ਯਤਨ ਕਰਦੇ ਹਨ ਕਿ ਸਮੁਚਾ ਸ੍ਰੀ ਦਸਮ ਗ੍ਰੰਥ ਅੰਗਰੇਜ਼ਾਂ ਦਾ ਲਿਖਵਾਇਆ ਹੋਇਆ ਹੈ। ਮੈਂ ਉਨ੍ਹਾਂ ਨੂੰ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਜੇ ਉਹ ਇਹ ਕਹਿਣ ਕਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੁਤਾ ਪ੍ਰਾਪਤ ਹੈ, ਤਾਂ ਮੇਰੇ ਸਮੇਤ ਸਾਰਾ ਪੰਥ ਤਨ-ਮਨ ਕਰ ਕੇ ਉਨ੍ਹਾਂ ਦੇ ਨਾਲ ਹੈ। ਡਾ. ਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੁਤਾ ਦੇ ਵਿਚਾਰ ਦਾ ਪ੍ਰਸਾਰ ਅਤੇ ਇਸ ਨੂੰ ਸਰਵ-ਉਚ ਗ੍ਰੰਥ ਸਥਾਪਿਤ ਕਰਨ ਲਈ ਜੇ ਕੋਈ ਵਡੀ ਮੁਹਿੰਮ ਛੇੜਦੇ ਹਨ, ਤਾਂ ਮੈਂ ਹਰ ਯਥਾ-ਸੰਭਵ ਤਰੀਕੇ ਨਾਲ ਉਨ੍ਹਾਂ ਦਾ ਸਮਰਥਨ ਵੀ ਕਰਾਂਗਾ ਅਤੇ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਵੀ। ਪਰ ਸਿਆਣੇ ਪਾਠਕ ਜਾਣਦੇ ਹਨ ਕਿ ਡਾ. ਮਾਨ ਜੀ ਦੀ ਸਮਸਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨਹੀਂ। ਇਹ ਤਾਂ ਉਨ੍ਹਾਂ ਵਾਸਤੇ ਸਿਖਾਂ ਨੂੰ ਗੁਮਰਾਹ ਕਰਨ ਦਾ ਇਕ ਹਥਿਆਰ ਹੈ, ਕਿਉਂਕਿ ਵਾਸਤਵ ਵਿਚ ਸ੍ਰੀ ਦਸਮ ਗ੍ਰੰਥ ਦੀ ਸੋਧਕ ਕਮੇਟੀ, ਜਿਸ ਦੇ ਉਹ ਕਟਰ ਆਲੋਚਕ ਹਨ, ਉਸ ਦੀ ਪਹਿਲੀ ਘੋਸ਼ਣਾ ਹੀ ਇਹੋ ਹੈ ਕਿ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤਾ ਹੈ। ਇਸ ਕਮੇਟੀ ਦੇ ਪ੍ਰਕਾਸ਼ਿਤ ਵਿਚਾਰ ਇਸ ਪ੍ਰਕਾਰ ਹਨ-

"ਸ੍ਰੀ ਗੁਰੂ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਸਰਬਤ ਸਿਖ ਸੰਗਤ ਖਾਲਸਾ ਜੀ ਮੈ ਪਰਗਟ ਹੈ, ਜੋ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਆਸ਼ੇ ਅਨੁਸਾਰ ਦਸਮ ਪਾਤਸ਼ਾਹ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਰੰਪਰਾ ਰੀਤੀ ਅਨੁਸਾਰ ਪੰਜ ਪੈਸੇ ਨਲਿਯੇਰ ਤਿਲਕ ਦੇ ਕੇ ਗੁਰਿਆਈ ਦੇ ਸਿੰਘਾਸਨ ਪੁਰ ਬਿਰਾਜਮਾਨ ਕੀਤਾ।"

ਜੇ ਡਾ. ਮਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਾਨਾਂਤਰ ਸ੍ਰੀ ਦਸਮ ਗ੍ਰੰਥ ਦੇ ਪ੍ਰਕਾਸ਼ ਤੇ ਇਤਰਾਜ਼ ਹੈ, ਜਾਂ ਇਸ ਗ੍ਰੰਥ ਦੇ ਨਾਮ ਉਤੇ ਕਿੰਤੂ ਹੈ ਤਾਂ ਇਸ ਸਮਸਿਆ ਉਤੇ ਵਿਚਾਰ ਕਰ ਕੇ ਸਰਵ-ਮਾਨਯ ਰਸਤਾ ਕਢਿਆ ਜਾ ਸਕਦਾ ਹੈ। ਜੇ ਉਹ ਕਹਿਣ ਕਿ ਇਸ ਦੀਆਂ ਬਾਣੀਆਂ ਦਾ ਪਾਠ ਜਾਂ ਕ੍ਰਮ ਸ਼ੋਧ ਦਾ ਮੁਹਤਾਜ ਹੈ, ਤਾਂ ਵੀ ਕੋਈ ਸਮਸਿਆ ਨਹੀਂ, ਤਾਂ ਬਹੁਤ ਸੁਖਾਵੇਂ ਵਾਤਾਵਰਣ ਵਿਚ ਸੁਹਿਰਦ ਅਕਾਦਮਿਕ ਚਰਚਾ ਹੋ ਸਕਦੀ ਹੈ। ਪਰ ਅਸਲ ਵਿਚ ਸਥਿਤੀ ਇਹ ਨਹੀਂ। ਉਹ ਸਿਖਾਂ ਦੀ ਗੁਰੂ ਗ੍ਰੰਥ-ਨਿਸ਼ਠਾ ਦਾ ਭਾਵਨਾਤਮਕ ਦੁਰਉਪਯੋਗ ਕਰ ਕੇ ਸਮੁਚੇ ਸ੍ਰੀ ਦਸਮ ਗ੍ਰੰਥ ਵਿਰੁਧ ਲਹਿਰ ਦਾ ਪ੍ਰਸਾਰ ਕਰਨ ਵਾਲੇ ਬੁਰੇ ਮਨਸੂਬਿਆਂ ਉਤੇ ਦ੍ਰਿੜ੍ਹਤਾ ਸਹਿਤ ਅਗੇ ਵਧਣ ਦੇ ਇਛੁਕ ਹਨ, ਭਾਵੇਂ ਇਸ ਅਪਵਿਤਰ ਕਾਰਜ ਲਈ ਉਨ੍ਹਾਂ ਨੂੰ ਕਿਤਨੇ ਹੀ ਝੂਠ ਅਤੇ ਫਰੇਬ ਦਾ ਸਹਾਰਾ ਕਿਉਂ ਨਾ ਲੈਣਾ ਪਵੇ ? ਉਨ੍ਹਾਂ ਦਾ ਇਹ ਅਸਦਵਾਦੀ ਰੋਲ ਉਨ੍ਹਾਂ ਦੀ ਨੀਅਤ ਉਤੇ ਪ੍ਰਸ਼ਨ ਚਿੰਨ੍ਹ ਲਗਾ ਦੇਂਦਾ ਹੈ। ਹਥਲੇ ਲੇਖ ਵਿਚ ਮੈਂ ਫਿਰ ਉਨ੍ਹਾਂ ਦੁਆਰਾ ਉਠਾਏ ਮੁਖ ਮੁਦਿਆਂ ਦੀ ਸਮੀਖਿਆ ਕਰਨੀ ਚਾਹਾਂਗਾ। ਪਾਠਕਾਂ ਤੋਂ ਇਸ ਗਲ ਦੀ ਖਿਮਾ ਵੀ ਚਾਹਾਂਗਾ ਕਿ ਵਿਅਕਤੀਗਤ ਰੁਝੇਵਿਆਂ ਕਾਰਨ ਮੈਂ ਇਸ ਕਾਰਜ ਨੂੰ ਤੁਰੰਤ ਨਹੀਂ ਕਰ ਸਕਿਆ।

1. ਡਾ. ਮਾਨ ਆਪਣੇ ਲੇਖ ਦਾ ਆਰੰਭ, ਅੰਗਰੇਜ਼ ਇਤਿਹਾਸਕਾਰ ਜੇ. ਡੀ. ਕਨਿੰਘਮ ਪ੍ਰਤੀ ਮੰਗਲ-ਪਦ ਉਚਾਰ ਕੇ, ਉਸ ਦੇ ਕੰਮ ਨੂੰ ਝੁਕ ਕੇ ਪ੍ਰਣਾਮ ਕਰਦਿਆਂ, ਇੰਞ ਲਿਖ ਕੇ ਕਰਦੇ ਹਨ- To revered memory of Joseph Devy Cunningham who wrote in 1849 "Malcom may be referred for translations of portions of Bachitar Natak bearing on the period, but Malcom's own general narrative is obviously contradictory and inaccurate." and only 5 chapters/compositions or part only, and commencement of the 6th of Daswin Padshah ka Granth are attributed to Guru Gobind Singh. But large portion is said to have written by 4 other scribes.

ਡਾ. ਮਾਨ ਦੀ ਚਤੁਰਾਈ ਅਤੇ ਅਕਾਦਮਿਕਤਾ ਦੇ ਨਾਮ ਉਤੇ ਕੀਤੇ ਜਾ ਰਹੇ ਵਲ-ਛਲ ਸੰਬੰਧੀ ਮੈਂ ਇਹ ਮਹਤਵਪੂਰਨ ਤਥ ਜਾਗਰੂਕ ਪਾਠਕਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਬਹੁਤ ਸਨਮਾਨਯੋਗ ਅੰਗਰੇਜ਼ ਇਤਿਹਾਸਕਾਰ ਕਨਿੰਘਮ ਨੇ ਸਿਰਫ਼ ਇਤਨਾ ਲਿਖਿਆ ਹੈ- "Malcom may be referred for translations of portions of Bachitar Natak bearing on the period, but Malcom's own general narrative is obviously contradictory and inaccurate." (History of the Sikhs-1849 p. 78)। ਇਸ ਤੋਂ ਅਗੇ "and only 5 chapters/compositions or part only, and commencement of the 6th of Daswin Padshah ka Granth are attributed to Guru Gobind Singh. But large portion is said to have written by 4 other scribes." ਨਾਲ ਕਨਿੰਘਮ ਦਾ ਕੋਈ ਸੰਬੰਧ ਨਹੀਂ। ਇਹ ਡਾ. ਮਾਨ ਦੀ ਆਪਣੀ ਉਹ 'ਵਾਧੇ ਵਾਲੀ ਹੀਰ' ਹੈ, ਜਿਸ ਦੇ ਉਹ ਮਾਹਿਰ ਉਸਤਾਦ ਬਣਨ ਵਿਚ ਬਹੁਤ ਅਭਿਮਾਨ ਮਹਿਸੂਸ ਕਰਦੇ ਹੋਣਗੇ। ਅਜਿਹੀਆਂ ਸਾਹਿਤਿਕ ਮਿਲਾਵਟਾਂ ਨੂੰ ਹੀ ਉਹ ਅਕਾਦਮਿਕਤਾ ਦਾ ਨਾਮ ਦਿੰਦੇ ਹਨ। ਜਿਥੇ ਇਹ ਪੁਸ਼ਟ ਪਰੰਪਰਾ ਰਹੀ ਹੈ ਕਿ ਮਹਾਨ ਲਿਖਾਰੀ ਆਪਣੀਆਂ ਕ੍ਰਿਤੀਆਂ ਦੇ ਆਰੰਭ ਵਿਚ ਇਸ਼ਟ ਦਾ ਮੰਗਲ ਕਰ ਕੇ ਰਚਨਾ ਦੀ ਸ਼ੁਰੂਆਤ ਸ਼ੁਭ-ਵਾਕਾਂ ਤੋਂ ਕਰਦੇ ਹਨ, ਉਥੇ ਸਾਡੇ ਹਡੀਆਂ ਦੇ ਡਾ. ਜਸਬੀਰ ਸਿੰਘ 'ਮਾਨ' ਜੀ ਬਿਸਮਿਲਾ ਹੀ ਅਸਤਿ ਤੋਂ ਕਰਦੇ ਹਨ। ਜੇ ਆਮ ਸਿਖ ਪਾਠਕ ਇਸ ਘੋਰ ਅਸਤਿ ਤੇ ਵੀ ਚੁਪ ਰਹਿੰਦਾ ਹੈ, ਤਾਂ ਪੰਥ ਦੀ ਮਾਨਸਿਕ ਸਿਹਤ ਸਹੀ ਨਹੀਂ ਹੋ ਸਕਦੀ। ਕੋਈ ਵਿਦਵਾਨ ਆਪਣੇ ਵਿਚਾਰ ਲਿਖੇ, ਕੋਈ ਇਤਰਾਜ਼ ਨਹੀਂ, ਪਰ ਲੋਕਾਂ ਨਾਲ ਛਲ ਕਰੇ, ਇਹ ਨਿੰਦਨੀਯ ਹੈ। ਵਿਚਾਰਾਂ ਦੀ ਭਿੰਨਤਾ ਹਰ ਸਮੇਂ ਬੁਰੀ ਨਹੀਂ ਹੁੰਦੀ, ਪਰ ਧੜੇਬੰਦੀ ਕਾਰਨ ਝੂਠ ਨੂੰ ਵਲ-ਛਲ ਦੁਆਰਾ ਅਮ੍ਰਿਤਮਈ ਸਤਿ ਕਹਿਣਾ ਉਚਿਤ ਨਹੀਂ ਹੋ ਸਕਦਾ।

ਇਸ ਤੋਂ ਪਹਿਲਾਂ ਕਿ ਮੈਂ ਜੇ. ਡੀ. ਕਨਿੰਘਮ ਦੀ ਠੀਕ ਸਥਿਤੀ ਲਈ ਉਸ ਦੀ ਰਚਨਾ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰਾਂ, ਮੈਂ ਪ੍ਰਬੁਧ ਵਿਚਾਰਵਾਨਾਂ ਨਾਲ ਇਹ ਤਥ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਡਾ. ਮਾਨ ਇਕ ਵਡੀ ਮਾਨਸਿਕ ਦੁਵਿਧਾ ਦਾ ਸ਼ਿਕਾਰ ਹਨ। ਇਕ ਪਾਸੇ ਸ੍ਰੀ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਮੰਨਣ ਵਾਸਤੇ ਉਹ ਕੇਵਲ ਯੂਰਪੀਅਨ ਲਿਖਾਰੀਆਂ ਦੀਆਂ ਰਚਨਾਵਾਂ ਦੇ ਪ੍ਰਮਾਣ ਮੰਨਣ ਵਾਸਤੇ ਤਿਆਰ ਹਨ, ਸਿਖ ਲਿਖਾਰੀਆਂ ਦੀਆਂ ਲਿਖਤਾਂ ਅਤੇ ਪੰਥ ਦੀਆਂ ਰਿਵਾਇਤਾਂ ਨੂੰ ਉਨ੍ਹਾਂ ਦੀ ਅਕਾਦਮਿਕਤਾ ਰਤਾ ਭਰ ਵੀ ਸਥਾਨ ਦੇਣ ਵਾਸਤੇ ਰਾਜ਼ੀ ਨਹੀਂ। ਦੂਜੇ ਪਾਸੇ ਉਹ ਸ੍ਰੀ ਦਸਮ ਗ੍ਰੰਥ ਨੂੰ ਅੰਗਰੇਜ਼ਾਂ ਦੇ ਦੁਸ਼ਟ-ਮਨ ਦੀ ਉਪਜ ਦਸਦੇ ਹਨ। ਜੇ ਉਹ ਸਾਡੇ ਧਰਮ ਵਿਚ ਮਿਲਾਵਟ ਕਰਨ ਵਾਲੇ ਵਡੇ ਪੰਥ-ਦੁਸ਼ਮਣ ਹਨ, ਤਾਂ ਉਨ੍ਹਾਂ ਦੀਆਂ ਰਚਨਾਵਾਂ ਉਤੇ ਕਿਉਂ ਭਰੋਸਾ ਕੀਤਾ ਜਾਵੇ ? ਜੇ ਉਹ ਸਭ ਤੋਂ ਭਰੋਸੇਮੰਦ ਕੌਮ ਹੈ, ਤਾਂ ਉਨ੍ਹਾਂ ਨੂੰ ਮਿਲਾਵਟਖੋਰ ਦੁਸ਼ਮਣ ਕਿਵੇਂ ਕਿਹਾ ਜਾਵੇ ? ਮੇਰੀ ਡਾ. ਮਾਨ ਅਗੇ ਸਨਿਮਰ ਬੇਨਤੀ ਹੈ ਕਿ ਉਹ ਪਹਿਲਾਂ ਆਪਣੀ ਮਾਨਸਿਕ ਦੁਵਿਧਾ ਵਾਲੀ ਵਿਕ੍ਰਿਤੀ ਦਾ ਹਲ ਲਭਣ, ਫਿਰ ਹੀ ਪੰਥ ਉਨ੍ਹਾਂ ਦੀ ਕਿਸੇ ਸਲਾਹ ਉਤੇ ਧਿਆਨ ਦੇ ਸਕਦਾ ਹੈ। ਗੁਰਬਾਣੀ ਦੀ ਨਸੀਹਤ ਹੈ-

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥ ੨ ॥[1]

ਅੰਗਰੇਜ਼ ਲਿਖਾਰੀਆਂ ਬਾਰੇ ਮੇਰਾ ਯਕੀਨ ਹੈ ਕਿ ਸਿਖਾਂ ਦੇ ਸੰਪਰਕ ਵਿਚ ਆਈ ਉਨ੍ਹਾਂ ਦੀ ਪਹਿਲੀ ਪੀੜ੍ਹੀ ਦੇ ਲੇਖਕਾਂ ਨੂੰ ਸਿਖ ਧਰਮ ਅਤੇ ਇਤਿਹਾਸ ਬਾਰੇ ਬਹੁਤ ਘਟ ਗਿਆਨ ਸੀ, ਅਜਿਹਾ ਸੁਭਾਵਿਕ ਸੀ। ਸਿਖਾਂ ਦੇ ਸੰਬੰਧ ਵਿਚ ਉਹ ਦੂਜੀਆਂ ਕੌਮਾਂ ਦੇ ਲੋਕਾਂ ਦੀਆਂ ਸੁਣੀਆਂ-ਸੁਣਾਈਆਂ ਗਲਾਂ ਉਤੇ ਯਕੀਨ ਕਰਦੇ ਸਨ, ਕਿਉਂਕਿ ਉਨ੍ਹਾਂ ਦੇ ਸੰਪਰਕ ਵਿਚ ਆਏ ਸਿਖਾਂ ਸਾਹਮਣੇ ਪਹਿਲੀ ਸਮਸਿਆ ਭਾਸ਼ਾ ਦੀ ਸੀ। ਉਹ ਧਰਮ ਸਿਧਾਂਤ ਅਤੇ ਇਤਿਹਾਸ ਦੀ ਵਿਗਿਆਨਿਕ ਵਿਆਖਿਆ ਤੋਂ ਵੀ ਵਿਦਿਤ ਨਹੀਂ ਸਨ, ਕੇਵਲ ਰਿਵਾਇਤੀ ਵਿਆਖਿਆਕਾਰੀ ਦੇ ਜਾਣਕਾਰ ਸਨ, ਜੋ ਅੰਗਰੇਜ਼ ਵਿਦਵਾਨਾਂ ਲਈ ਪ੍ਰਭਾਵਕਾਰੀ ਨਹੀਂ ਸੀ ਹੋ ਸਕਦੀ। ਇਸ ਗਲ ਦੀ ਪ੍ਰੋੜ੍ਹਤਾ ਮੈਲਕਮ ਕਰ ਦੇਂਦਾ ਹੈ। ਸਿਖ ਪੰਥ ਦੀ ਇਸੇ ਕਮਜ਼ੋਰੀ ਦਾ ਵਰਣਨ ਮੈਕਾਲਿਫ ਨੇ ਕੀਤਾ ਹੈ। ਸੰਨ 1850 ਈ. ਤਕ ਦੇ ਅੰਗਰੇਜ਼ ਲਿਖਾਰੀ ਸਿਖਾਂ ਨੂੰ ਅਸਭਿਅਕ, ਡਾਕੂ-ਲੁਟੇਰੇ ਅਤੇ ਅਜਿਹੇ ਕਾਤਿਲ ਹੀ ਸਮਝਦੇ ਸੀ, ਜਿਨ੍ਹਾਂ ਨੇ ਇਥੋਂ ਦੇ ਲੋਕਾਂ ਉਤੇ ਮੁਗ਼ਲਾਂ ਤੋਂ ਵਧੀਕ ਜ਼ੁਲਮ ਕੀਤੇ ਸਨ। ਉਨੀਵੀਂ ਸਦੀ ਦੇ ਪਹਿਲੇ ਅਧ ਤਕ ਕਨਿੰਘਮ, ਮੈਕਗ੍ਰੇਗਰ ਸਹਿਤ ਅੰਗਰੇਜ਼ ਲਿਖਾਰੀਆਂ ਲਈ ਸਭ ਤੋਂ ਪ੍ਰਮਾਣਿਕ ਅਤੇ ਪ੍ਰੇਰਨਾ-ਮੂਲ ਲਿਖਿਤ ਮੈਲਕਮ ਦੀ ਪੁਸਤਕ Sketch of the Sikhs ਹੀ ਸੀ, ਜਿਸ ਦੇ ਵਾਕਾਂ ਤੋਂ ਕਨਿੰਘਮ ਵਾਰ-ਵਾਰ ਆਪਣੇ ਕਥਨ ਨੂੰ ਪ੍ਰਮਾਣਤਿ ਕਰਦਾ ਹੈ। ਜੇ ਸ. ਮਾਨ ਸ੍ਰੀ ਦਸਮ ਗ੍ਰੰਥ ਦੇ ਕੁਝ ਅੰਸ਼ਾਂ ਦਾ ਅਨੁਵਾਦ ਕਰਨ ਕਰ ਕੇ ਮੈਲਕਮ ਦੇ ਇਤਨੇ ਵਿਰੁਧ ਹਨ, ਤਾਂ ਸਮਝ ਨਹੀਂ ਆਉਂਦੀ ਕਿ ਮੈਲਕਮ ਦੇ ਕਥਨਾਂ ਨੂੰ ਬਾਈਬਲ ਮੰਨ ਕੇ ਚਲਣ ਵਾਲੇ ਕਨਿੰਘਮ ਪ੍ਰਤੀ ਉਹ ਇਤਨੇ ਸੁਹਿਰਦ ਕਿਉਂ ਹਨ ? ਸ਼ਾਇਦ ਉਨ੍ਹਾਂ ਨੂੰ ਇਹ ਵੇਖਣ ਦਾ ਮੌਕਾ ਨਹੀਂ ਮਿਲਿਆ ਜਾਂ ਉਹ ਪੜ੍ਹਨ, ਲਿਖਣ ਅਤੇ ਸਮਝਣ ਵਾਲੇ ਵਿਵੇਕ ਤੋਂ ਸਖਣੇ ਹਨ, ਕਿ ਜੇ. ਡੀ. ਕਨਿੰਘਮ ਤਾਂ ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸ਼ਨ ਮਹੇਸ਼, ਰਤਨ ਮਾਲਾ, ਨਸੀਹਤ ਨਾਮਾ ਆਦਿ ਨੂੰ ਗੁਰੂ ਨਾਨਕ ਬਾਣੀ ਮੰਨਦਾ ਹੈ। ਉਹ ਇਹ ਵੀ ਲਿਖਦਾ ਹੈ ਕਿ ਔਰੰਗਜ਼ੇਬ ਦੇ ਦਰਬਾਰ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਿਹਾ ਕਿ ਮੈਂ ਆਪਣੇ ਗਲ ਵਿਚ ਇਹ ਤਾਵੀਜ਼ ਬੰਨ੍ਹ ਲਿਆ ਹੈ। ਹੁਣ ਤਲਵਾਰ ਮੇਰੀ ਗਰਦਨ ਨਹੀਂ ਕਟ ਸਕਦੀ। ਜਲਾਦ ਨੇ ਤਲਵਾਰ ਚਲਾਈ, ਤਾਂ ਸਿਰ ਧੜ ਤੋਂ ਜੁਦਾ ਹੋ ਗਿਆ।[2]

ਡਾ. ਮਾਨ ਦਾ ਇਹ ਸਨਮਾਨਯੋਗ (revered) ਇਤਿਹਾਸਕਾਰ ਆਪਣੀ ਪੁਸਤਕ ਵਿਚ ਇਹ ਵੀ ਕਹਿੰਦਾ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਉਨ੍ਹਾਂ ਦੇ ਸਿਖ ਇਕ ਆਦਮ ਹਾਫ਼ਿਜ਼ ਨਾਮ ਦੇ ਵਿਅਕਤੀ ਨਾਲ ਮਿਲ ਕੇ ਲੁਟਾਂ-ਖੋਹਾਂ ਅਤੇ ਕਤਲ ਕਰਦੇ ਸਨ।[3]

---

[1] ਆਸਾ, ਮਹਲਾ ੫, ੪੩, ਪੰਨਾ ੩੮੧

[2] History of the Sikhs-1849 p. 68

[3] History of the Sikhs-1849 p.67

ਜੇ ਡਾ. ਮਾਨ ਲਈ ਕਨਿੰਘਮ ਦਾ ਇਹ ਕਥਨ ਵੀ ਅਗਿਆਨਮਈ ਨਹੀਂ, ਤਾਂ ਹੋਰ ਸੁਣ ਲਓ। ਕਨਿੰਘਮ ਲਿਖਦਾ ਹੈ ਕਿ ਜਦੋਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਰੰਭ ਕੀਤੇ ਮਿਸ਼ਨ ਦੀ ਕਾਮਯਾਬੀ ਵਾਸਤੇ ਬ੍ਰਾਹਮਣ ਨੇ ਯਗ ਸ਼ੁਰੂ ਕੀਤਾ, ਤਾਂ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਦੇਵੀ ਤੁਹਾਡੇ ਸਾਹਮਣੇ ਤਲਵਾਰ ਦੇ ਰੂਪ ਵਿਚ ਪ੍ਰਗਟ ਹੋਵੇਗੀ। ਤੁਸਾਂ ਬਿਨਾ ਡਰੇ ਉਸ ਦੀ ਪ੍ਰਸ਼ੰਸਾ ਕਰ ਕੇ ਉਸ ਤੋਂ ਆਪਣੇ ਮਿਸ਼ਨ ਦੀ ਪੂਰਤੀ ਮੰਗਣੀ। ਦੇਵੀ ਪ੍ਰਗਟ ਹੋਈ। ਗੁਰੂ ਜੀ ਡਰ ਤਾਂ ਗਏ, ਪਰ ਆਪਣੀ ਤਲਵਾਰ ਅਗੇ ਕੀਤੀ, ਜੋ ਦੇਵੀ ਨੇ ਛੁਹ ਲਈ। ਇਹ ਘਟਨਾ ਤਾਂ ਮੰਗਲਮਈ ਸੀ, ਪਰ ਗੁਰੂ ਦੇ ਡਰ ਜਾਣ ਕਾਰਨ ਯਗ ਵਿਚ ਵਿਘਨ ਪੈ ਗਿਆ। ਇਸ ਲਈ ਹੁਣ ਜਾਂ ਤਾਂ ਗੁਰੂ ਜੀ ਆਪਣੀ ਕੁਰਬਾਨੀ ਦੇਂਦੇ ਜਾਂ ਆਪਣੇ ਕਿਸੇ ਪਿਆਰੇ ਨੂੰ ਮਾਰਦੇ। ਕਨਿੰਘਮ ਕਹਿੰਦਾ ਹੈ ਗੋਵਿੰਦ ਇਸ ਉਦਾਸੀ ਵਿਚ ਮੁਸਕਰਾਇਆ। ਉਸ ਸੋਚਿਆ ਕਿ ਮੈਂ ਤਾਂ ਬਹੁਤ ਕੰਮ ਕਰਨੇ ਹਨ। ਪਿਤਾ ਦੀ ਮੌਤ ਦਾ ਬਦਲਾ ਲੈਣਾ ਹੈ। ਮੈਂ ਭਲਾ ਕਿਵੇਂ ਮਰ ਸਕਦਾ ਹਾਂ ? ਫਿਰ (ਕੁਰਬਾਨੀ ਵਾਸਤੇ) ਬਚਿਆਂ ਵਲ ਵੇਖਿਆ, ਪਰ ਪਰਿਵਾਰਕ ਮੋਹ ਕਾਰਨ ਬਚਿਆਂ ਦੀ ਕੁਰਬਾਨੀ ਨਾ ਦੇ ਸਕਿਆ। ਫਿਰ 25 ਸਿਖ ਉਠੇ, ਜਿਨ੍ਹਾਂ ਵਿਚੋਂ ਗੁਰੂ ਨੇ ਇਕ ਦੀ ਕੁਰਬਾਨੀ ਦੇ ਦਿਤੀ।[1] ਜੇ ਇਹੋ ਕਹਾਣੀ ਮੈਕਗ੍ਰੇਗਰ ਦੀ ਪੁਸਤਕ ਵਿਚੋਂ ਪੜ੍ਹ ਲਈਏ, ਤਾਂ ਉਸ ਦੇ ਘੋਰ ਨਿਰਾਦਰੀ ਭਰੇ ਸ਼ਬਦ ਪੜ੍ਹ ਕੇ ਸਿਖ ਹੋਣ ਕਾਰਨ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਇਸ ਗਲ ਨੇ ਮੈਨੂੰ ਬਹੁਤ ਹੈਰਾਨ ਕੀਤਾ ਹੈ ਕਿ ਸ੍ਰੀ ਦਸਮ ਗ੍ਰੰਥ ਦੇ ਵਾਰ-ਵਾਰ ਪ੍ਰਮਾਣ ਦੇਣ ਵਾਲੇ ਅਤੇ ਹਰ ਜਗਹ ਤੇ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਤ ਮੰਨਣ ਵਾਲੇ ਕਨਿੰਘਮ ਵਲ ਸਾਡਾ ਧਿਆਨ ਡਾ. ਮਾਨ ਨੇ ਆਪ ਹੀ ਕਿਉਂ ਆਕ੍ਰਸ਼ਿਤ ਕੀਤਾ ਹੈ ? ਕਾਰਨ ਇਹ ਨਹੀਂ ਕਿ ਡਾ. ਮਾਨ ਨਿਰਪਖ ਅਤੇ ਸੁਹਿਰਦ ਲੇਖਕ ਹਨ। ਅਸਲ ਵਿਚ ਜਾਪਦਾ ਹੈ ਕਿ ਇਕ ਤਾਂ ਉਨ੍ਹਾਂ ਨੇ ਕਨਿੰਘਮ ਨੂੰ ਧਿਆਨ ਨਾਲ ਪੜ੍ਹਿਆ ਨਹੀਂ ਅਤੇ ਦੂਜਾ ਇਹ ਮੰਨ ਲਿਆ ਹੈ ਕਿ ਉਸ ਦੇ ਨਾਮ ਤੇ ਜੋ ਮਰਜ਼ੀ ਲਿਖ ਦਿਤਾ ਜਾਵੇ, ਕਿਹੜਾ ਕਿਸੇ ਸਿਖ ਨੇ ਕਨਿੰਘਮ ਨੂੰ ਪੜ੍ਹ ਲੈਣਾ ਹੈ ? ਸ੍ਰੀ ਦਸਮ ਗ੍ਰੰਥ ਅਤੇ ਇਸ ਦੀਆਂ ਬਾਣੀਆਂ ਨੂੰ ਕਨਿੰਘਮ ਨਿਰਸੰਦੇਹ ਗੁਰੂ-ਕ੍ਰਿਤ ਮੰਨਦਾ ਹੈ। ਉਸ ਦੀ ਪੁਸਤਕ ਦੇ ਕੁਝ ਤਥ ਇਥੇ ਪ੍ਰਸਤੁਤ ਹਨ-

1. ਪੰਨਾ 44 ਉਤੇ ਉਹ ਲਿਖਦਾ ਹੈ- "Yet Govind, in Second Grunth (Hazara Shubd portion), apostrophises Time (ਕਾਲ-ਪੁਰਖ਼) itself as the ony true God.
2. ਪੰਨਾ 71 ਉਤੇ ਉਹ ਬਚਿਤਰ ਨਾਟਕ ਨੂੰ ਪ੍ਰਮਾਣਿਕ ਰਚਨਾ ਮੰਨ ਕੇ ਲਿਖਦਾ ਹੈ ਕਿ ਇਸ ਵਿਚ ਗੁਰੂ ਜੀ ਨੇ ਆਪਣੀ ਵੰਸ਼-ਪਰੰਪਰਾ ਪੁਰਾਤਨ ਬਾਦਸ਼ਾਹਾਂ ਨਾਲ ਮਿਲਾਈ ਹੈ- ਉਸ ਦੇ ਸ਼ਬਦਾਂ ਵਿਚ- In an extant and authentic composition, he traces his mortal descent to ancient kings. ਇਸ ਦੇ ਹੇਠ ਫੁਟਨੋਟ ਹੈ- The Vichitr Natuck, or wondrous Tale, which forms a portion of the Duswen Padshah ka Grunth, or Book of the Tenth King. ਪਾਠਕ ਜਨ ਧਿਆਨ ਨਾਲ ਵੇਖਣ ਕਿ ਕਨਿੰਘਮ ਨੇ ਬਚਿਤਰ ਨਾਟਕ ਸੰਬੰਧੀ authentic composition (ਪ੍ਰਮਾਣਿਕ ਰਚਨਾ) ਸ਼ਬਦ ਵਰਤੇ ਹਨ।
3. ਪੰਨਾ 71-72 ਉਤੇ ਉਸ ਨੇ ਗੁਰੂ ਜੀ ਦੇ ਜਗਤ ਵਿਚ ਆਉਣ ਦਾ ਕਾਰਨ ਕੇਵਲ ਹੂ-ਬ-ਹੂ ਵਿਚਿਤ੍ਰ ਨਾਟਕ ਤੋਂ ਹੀ ਨਹੀਂ ਲਿਆ, ਬਲਕਿ ਇਸ ਲਈ ਮੈਲਕਮ ਦਾ ਅਨੁਵਾਦ ਲੈਂਦਿਆਂ ਫੁਟਨੋਟ ਵਿਚ ਆਖਿਆ ਹੈ...Compare the extracts given by Malcom from the Vichitr Natuck (Sketch p. 173.)
4. ਪੰਨਾ 77 ਉਤੇ ਉਹ ਕਹਿੰਦਾ ਹੈ ਕਿ ਆਦਿ ਗ੍ਰੰਥ ਦੀਆਂ ਬਹੁਤੀਆਂ ਬਾਣੀਆਂ 'ੴ ਸਤਿਗੁਰ ਪ੍ਰਸਾਦਿ' ਤੋਂ ਆਰੰਭ ਹੁੰਦੀਆਂ ਹਨ, ਜਦੋਂ ਕਿ 'ਦਸਵੇਂ ਪਾਦਸ਼ਾਹ ਕੇ ਗ੍ਰੰਥ' ਦੀਆਂ ਕਈ ਬਾਣੀਆਂ 'ੴ ਵਾਹਿਗੁਰੂ ਜੀ ਕੀ ਫਤਹਿ' ਤੋਂ ਸ਼ੁਰੂ ਹੁੰਦੀਆਂ ਹਨ। ਇਥੇ ਉਹ ਸ੍ਰੀ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਮੰਨ ਕੇ ਚਲ ਰਿਹਾ ਹੈ।
5. ਪੰਨਾ 72 ਉਤੇ ਬਚਿਤਰ ਨਾਟਕ ਦੇ ਵਿਆਪਕ ਹਵਾਲੇ ਦੇਂਦਿਆਂ ਉਸ ਲਿਖਿਆ ਹੈ ਕਿ ਗੁਰੂ ਜੀ ਨੇ ਕਿਹਾ- ਮੈਂ ਅਕਾਲ ਪੁਰਖ ਦਾ ਦਾਸ ਹਾਂ ਅਤੇ ਸੰਸਾਰ ਦਾ ਤਮਾਸ਼ਾ ਵੇਖਣ ਆਇਆ ਹਾਂ। ਹਰ ਸਿਖ ਜਾਣਦਾ ਹੈ ਕਿ ਇਸ ਕਥਨ ਦਾ ਮੂਲ ਦਸਮ ਗ੍ਰੰਥ ਦੀਆਂ ਪੰਕਤੀਆਂ- 'ਮੈਂ ਹੌਂ ਪਰਮ ਪੁਰਖ ਕੋ ਦਾਸਾ। ਦੇਖਨੇ ਆਇਓ ਜਗਤ ਤਮਾਸਾ' ਹੀ ਹਨ।
6. ਪੰਨਾ 85-86 ਉਤੇ ਕਨਿੰਘਮ ਨੇ ਸਿਰਲੇਖ ਬਣਾਇਆ ਹੈ- ਬਚਿਤਰ ਨਾਟਕ ਦੀ ਰਚਨਾ। ਅਗੇ ਦਸਦਾ ਹੈ ਕਿ ਗੁਰੂ ਜੀ ਕੁਝ ਦੇਰ ਤੀਕ ਦਮਦਮਾ ਸਾਹਿਬ ਟਿਕੇ ਰਹੇ। ਉਥੇ ਰਹਿ ਕੇ ਆਪ ਨੇ ਸ੍ਰੀ ਦਸਮ ਗ੍ਰੰਥ ਤਿਆਰ ਕੀਤਾ। ਇਸੇ ਵਿਚ ਹੀ ਬਚਿਤ੍ਰ ਨਾਟਕ ਦੀ ਰਚਨਾ ਹੈ। ਕੇਵਲ ਇਸੇ ਹਿਸੇ ਨੂੰ ਇਤਿਹਾਸਿਕ ਕਿਹਾ ਜਾ ਸਕਦਾ ਹੈ। ਬਚਿਤ੍ਰ ਨਾਟਕ ਦੇ ਅੰਤ ਵਿਚ ਕੇਵਲ ਈਸ਼ਵਰ ਦੀ ਉਸਤਤੀ ਹੈ, ਜਿਸ ਨੇ ਸਦਾ ਆਪ ਦੀ ਸਹਾਇਤਾ ਕੀਤੀ। ਗੁਰੂ ਸਾਹਿਬ ਲਿਖਦੇ ਹਨ ਕਿ ਆਪ ਇਕ ਹੋਰ ਪੁਸਤਕ ਵਿਚ ਉਹਨਾਂ ਕਾਰਨਾਮਿਆਂ ਦਾ ਜੋ ਆਪ ਨੇ ਕੀਤੇ ਹਨ, ਅਕਾਲ ਪੁਰਖ ਦੀ ਅਜ਼ਮਤ ਜੋ ਆਪ ਨੇ ਡਿਠੀ ਹੈ ਅਤੇ ਆਪਣੀਆਂ ਯਾਦਾਂ ਅਨੁਸਾਰ ਵਰਣਨ ਕਰਨਗੇ। ਇਹ ਉਲੇਖ ਸਪਸ਼ਟ ਤੌਰ ਤੇ 'ਬਚਿਤ੍ਰ ਨਾਟਕ' ਦੀਆਂ ਉਨ੍ਹਾਂ ਅੰਤਲੀਆਂ ਪੰਕਤੀਆਂ ਤੋਂ ਆਇਆ ਹੈ, ਜਿਥੇ ਉਹ ਅਵਤਾਰ ਲੀਲਾ ਲਿਖਣ, ਪਰ ਪਹਿਲਾਂ ਦੇਵੀ ਚਰਿਤ੍ਰ ਲਿਖਣ ਦਾ ਉਲੇਖ ਕਰਦੇ ਹਨ। ਅਸਲ ਪਦ ਹਨ-

ਜਿਹ ਜਿਹ ਬਿਧਿ ਜਨਮਨ ਸੁਧਿ ਆਈ। ਤਿਮ ਤਿਮ ਕਹੇ ਗਿਰੰਥ ਬਨਾਈ।
ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ। ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ। ੧੦।

[1] History of the Sikhs-1849 p. 73

ਪਹਿਲੇ ਚੰਡੀ ਚਰਿਤ੍ਰ ਬਣਾਯੋ। ਨਖ ਸਿਖ ਤੇ ਕ੍ਰਮ ਭਾਖ ਸੁਨਾਯੋ।......੧੧।

ਕਨਿੰਘਮ ਦੀ ਰਚਨਾ ਵਿਚ ਕਿਤੇ ਵੀ ਸ੍ਰੀ ਦਸਮ ਗ੍ਰੰਥ ਦਾ ਵਿਰੋਧ ਨਹੀਂ ਮਿਲਦਾ। ਬਲਕਿ ਪਛਮੀ ਲੇਖਕਾਂ ਦੀਆਂ ਉਸ ਸਮੇਂ ਦੌਰਾਨ ਰਚਿਤ ਪੁਸਤਕਾਂ ਪੜ੍ਹ ਕੇ ਇਹ ਵੀ ਸੰਕੇਤ ਮਿਲ ਜਾਂਦਾ ਹੈ, ਕਿ 1850 ਈ. ਤਕ ਸਿਖਾਂ ਵਿਚ 'ਸ੍ਰੀ ਦਸਮ ਗ੍ਰੰਥ' ਬਿਲਕੁਲ ਇਕ ਨਿਰਵਿਵਾਦ ਗ੍ਰੰਥ ਸੀ। ਕੀ ਆਪਣੇ ਆਪ ਨੂੰ ਬੁਧੀਮਾਨ ਅਕਾਦਮਿਕ ਵਿਅਕਤੀ ਅਖਵਾਉਣ ਵਾਲੇ ਡਾ. ਜਸਬੀਰ ਸਿੰਘ 'ਮਾਨ' ਆਪਣੇ 'revered' (ਬਹੁ-ਸਤਿਕਾਰਤ) ਵਿਦਵਾਨ ਕਨਿੰਘਮ ਦੀ ਕੋਈ ਇਕ ਅਜਿਹੀ ਪੰਕਤੀ ਪਾਠਕਾਂ ਸਾਹਮਣੇ ਰਖਣਗੇ, ਜਿਥੇ ਉਸ ਨੇ ਸ੍ਰੀ ਦਸਮ ਗ੍ਰੰਥ ਦਾ ਵਿਰੋਧ ਕੀਤਾ ਹੋਵੇ ? ਮੈਂ ਪਾਠਕਾਂ ਦੇ ਸਨਮੁਖ ਇਹ ਤਥ ਵੀ ਲਿਆਉਣਾ ਚਾਹੁੰਦਾ ਹਾਂ ਕਿ ਕਨਿੰਘਮ ਅਤੇ ਮੈਕਗ੍ਰੇਗਰ ਦੀਆਂ ਇਤਿਹਾਸ ਪੁਸਤਕਾਂ ਦੇ ਕੁਝ ਅੰਸ਼ ਸਿਖਾਂ ਵਾਸਤੇ ਜਿਤਨੇ ਅਪਮਾਨ-ਜਨਕ ਹਨ, ਮੈਲਕਮ ਦਾ ਕੋਈ ਵੀ ਕਥਨ ਉਨ੍ਹਾਂ ਅੰਸ਼ਾਂ ਤੋਂ ਵਧ ਕੇ ਅਪਵਿਤਰ ਨਹੀਂ। ਕਨਿੰਘਮ ਤੋਂ ਲਗਪਗ ਅਧੀ ਸਦੀ ਪਹਿਲਾਂ ਜਦੋਂ ਅਜੇ ਅੰਗਰੇਜ਼ਾਂ ਨੇ ਸਿਖਾਂ ਨੂੰ ਸਮਝਣ ਦੇ ਯਤਨ ਆਰੰਭੇ ਹੀ ਸਨ, ਜੇ ਮੈਲਕਮ ਭਾਈ ਗੁਰਦਾਸ ਪਹਿਲੇ ਅਤੇ ਦੂਜੇ ਦੇ ਅੰਤਰ ਨੂੰ ਨਹੀਂ ਸਮਝ ਸਕਿਆ, ਤਾਂ ਮਾਨ ਸਾਹਿਬ ਲਈ ਉਹ ਬਹੁਤ ਵਡਾ ਅਪਰਾਧੀ ਅਤੇ ਬੇਈਮਾਨ ਲਿਖਾਰੀ ਬਣ ਗਿਆ ਹੈ, ਪਰ ਕਨਿੰਘਮ ਦੇ ਘੋਰ ਅਪਮਾਨਜਨਕ ਸ਼ਬਦ ਵੀ ਡਾ. ਮਾਨ ਵਾਸਤੇ ਕਿਉਂ ਅਮ੍ਰਿਤ ਹਨ ? ਇਹ ਸਪਸ਼ਟ ਕਰਨਾ ਉਨ੍ਹਾਂ ਦਾ ਕਰਤਵ ਹੈ। ਮੈਂ ਨਾ ਮੈਲਕਮ ਨੂੰ ਦੋਸ਼ੀ ਮੰਨਦਾ ਹਾਂ, ਨਾ ਕਨਿੰਘਮ ਨੂੰ ਅਪਰਾਧੀ ਕਹਿੰਦਾ ਹਾਂ। ਉਹ ਸਿਖਾਂ ਦੇ ਧਰਮ ਅਤੇ ਇਤਿਹਾਸ ਨੂੰ ਉਤਨੀ ਗਹਿਰਾਈ ਨਾਲ ਨਹੀਂ ਸਨ ਸਮਝ ਸਕਦੇ, ਜਿਤਨੀ ਗਹਿਰਾਈ ਨਾਲ ਅਧੀ ਸਦੀ ਮਗਰੋਂ ਮੈਕਾਲਿਫ ਨੇ ਸਮਝਣਾ ਸ਼ੁਰੂ ਕੀਤਾ ਸੀ। 1850 ਈ. ਤਕ ਵੀ ਅੰਗਰੇਜ਼ ਅਜੇ ਸਿਖਾਂ ਸੰਬੰਧੀ ਸਾਧਾਰਨ ਜਾਣਕਾਰੀ ਹੀ ਇਕਤਰ ਕਰਨ ਵਿਚ ਲਗੇ ਹੋਏ ਸਨ ਅਤੇ ਅਜੇ ਉਹ ਇਸ ਸਮਰਥ ਬਿਲਕੁਲ ਨਹੀਂ ਸਨ ਕਿ ਸਿਖਾਂ ਦੀਆਂ ਧਾਰਮਿਕ ਪੁਸਤਕਾਂ ਵਿਚ ਕੋਈ ਮਿਲਾਵਟ ਕਰ ਸਕਦੇ।

ਅਗੇ ਵਧਣ ਤੋਂ ਪਹਿਲਾਂ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਡਾ. ਮਾਨ ਦੇ ਜਮਾਂਦਰੂ ਸੰਦੇਹਾਂ ਦਾ ਉਤਰ ਮੈਂ ਉਸੇ ਸਿਲਸਿਲੇ ਵਿਚ ਦੇਵਾਂਗਾ, ਜਿਸ ਸਿਲਸਿਲੇ ਵਿਚ ਉਨ੍ਹਾਂ ਨੇ ਅਖੌਤੀ ਤਥ ਆਪਣੇ ਲੇਖ ਵਿਚ ਪਰੋਏ ਹਨ। ਹਾਲਾਕਿ ਮੈਨੂੰ ਪਤਾ ਹੈ ਕਿ ਕਿਸੇ ਵਿਸ਼ੇ ਸੰਬੰਧੀ ਪ੍ਰਗਟਾਏ ਵਿਚਾਰ ਕਿਸੇ ਸਿਲਸਿਲੇ ਵਿਚ ਹੋਣੇ ਚਾਹੀਦੇ ਹਨ, ਪਰ ਕਿਉਂਕਿ ਡਾ. ਮਾਨ ਇਧਰੋਂ-ਉਧਰੋਂ ਫੋਟੋ ਕਾਪੀਆਂ ਜੋੜ ਕੇ ਉਗੜ-ਦੁਗੜ ਪੰਨੇ ਕਾਲੇ ਕਰ ਦੇਂਦੇ ਹਨ, ਸੋ ਮੈਨੂੰ ਉਨ੍ਹਾਂ ਦੇ ਕ੍ਰਮ ਅਨੁਸਾਰ ਆਪਣੇ ਆਪ ਨੂੰ ਢਾਲਣਾ ਪੈਣਾ ਹੈ। ਦੂਜੀ ਗੱਲ ਇਹ ਹੈ ਕਿ ਜਿਨ੍ਹਾਂ ਸ਼ੰਕਾਵਾਂ ਦਾ ਉਤਰ ਪਹਿਲਾਂ ਦਿਤਾ ਜਾ ਚੁਕਿਆ ਹੈ ਅਤੇ ਡਾ. ਮਾਨ ਉਸ ਉਤਰ ਨੂੰ ਯੁਕਤੀ-ਪੂਰਵਕ ਨਕਾਰ ਨਹੀਂ ਸਕੇ, ਉਨ੍ਹਾਂ ਦਾ ਵਿਸਤ੍ਰਿਤ ਉਤਰ ਦੇਣਾ ਅਵਾਂਛਿਤ ਹੋਵੇਗਾ। ਉਹ ਪਹਿਲਾਂ ਪ੍ਰਸਤੁਤ ਵਿਚਾਰਾਂ ਉਤੇ ਯੁਕਤੀ-ਪੂਰਵਕ ਕਿੰਤੂ ਕਰਨ, ਤਾਂ ਹੀ ਉਤਰ ਦੇਣਾ ਸੰਭਵ ਹੋ ਸਕਦਾ ਹੈ।

2. ਕਨਿੰਘਮ ਦੇ ਵਰਣਨ ਮਗਰੋਂ ਡਾ. ਮਾਨ ਨੇ ਭਾਈ ਕਾਨ੍ਹ ਸਿੰਘ 'ਨਾਭਾ' ਦੇ ਕਥਨ ਦਾ ਉਲੇਖ ਕਰ ਕੇ ਸ੍ਰੀ ਦਸਮ ਗ੍ਰੰਥ ਨੂੰ ਚੁਨੌਤੀ ਦਿਤੀ ਹੈ। ਉਹ ਲਿਖਦੇ ਹਨ "**To revered memory of Bhai Kahan Singh Nabha** who educated the Sikhs and wrote In Mahan Kosh and Gurmat martand "ਗ੍ਰੰਥ ਸਾਹਿਬ ਨਾਲ 'ਗੁਰੂ 'ਸ਼ਬਦ ਸੰਮਤ 1765 (1708 ਈ.) ਤੋਂ ਲਾਉਣਾ ਆਰੰਭ ਹੋਇਆ, ਜਿਸ ਵੇਲੇ ਅਬਿਚਲ ਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਸਿੱਖ ਧਰਮ ਦੇ ਆਧਾਰ ਰੂਪ ਗ੍ਰੰਥ ਨੂੰ ਦਿੱਤੀ ! ਕਈ ਨਾਦਾਨ ਸਿੱਖ ਦਸਮ ਗ੍ਰੰਥ ਨਾਲ ਭੀ ਗੁਰੂ ਸ਼ਬਦ ਦਾ ਪ੍ਰਯੋਗ ਕਰਦੇ ਹਨ, ਜੋ ਗੁਰੁਮਤ ਵਿਰੁਧ ਹੈ।" ਡਾ. ਮਾਨ ਨੇ ਭਾਈ ਜੀ ਦੀਆਂ ਇਹ ਪੰਕਤੀਆਂ ਕਿਸੇ ਸਨਕੀ ਵਾਂਗ ਵਾਰ-ਵਾਰ ਦੁਹਰਾਈਆਂ ਹਨ। ਸਿਆਣਾ ਅਤੇ ਵਿਦਿਆ-ਕੁਸ਼ਲ ਵਿਅਕਤੀ ਉਗੜ-ਦੁਗੜੇ ਪੰਨੇ ਇਕਠੇ ਕਰਨ ਅਤੇ ਇਕੋ ਚੀਜ਼ ਨੂੰ ਦਸ-ਦਸ ਵਾਰ ਪ੍ਰਸਤੁਤ ਕਰਨ ਨੂੰ ਅਕਾਦਮਿਕਤਾ ਨਹੀਂ ਮੰਨਦਾ, ਸਗੋਂ ਜੋ ਤਥ ਸਨਮੁਖ ਹੋਣ ਉਸ ਦਾ ਠੀਕ ਵਿਸ਼ਲੇਸ਼ਣ ਕਰ ਕੇ ਪਾਠਕਾਂ ਦੇ ਵਿਵੇਕ ਤੇ ਛਡ ਦੇਂਦਾ ਹੈ। ਪਰ ਢੀਠ ਅਤੇ ਅਸਦਵਾਦੀ ਮਨੁੱਖ ਲੋਕਾਂ ਨਾਲ ਛਲ-ਕਪਟ ਕਰਨ ਵਾਸਤੇ ਇਕੋ ਚੀਜ਼ ਨੂੰ ਵਾਰ-ਵਾਰ ਪੇਸ਼ ਕਰਦੇ ਹਨ, ਇਸ ਆਸ ਵਿਚ ਕਿ ਦਸ ਵਾਰ ਝੂਠ ਬੋਲਿਆਂ, ਝੂਠ ਸਚ ਬਣ ਜਾਂਦਾ ਹੈ। ਪਰ ਮੇਰਾ ਵਿਸ਼ਵਾਸ ਹੈ ਕਿ ਸਚ ਅਤੇ ਝੂਠ ਦੋਵੇਂ ਕਦੇ ਵੀ ਰਲ-ਗਡ ਨਹੀਂ ਹੋ ਸਕਦੇ। ਡਾ. ਮਾਨ ਨੇ ਮੇਰੇ ਉਤੇ ਆਰੋਪ ਲਗਾਇਆ ਹੈ ਕਿ ਮੈਂ ਆਪਣੀ ਪੁਸਤਕ ਵਿਚ 'ਨਾਭਾ' ਜੀ ਦੇ ਉਪਰੋਕਤ ਪਦਾਂ ਨੂੰ ਛਿਪਾਇਆ ਹੈ। ਉਨ੍ਹਾਂ ਦਾ ਇਹ ਆਰੋਪ ਇਸ ਲਈ ਨਿਰਾਧਾਰ ਹੈ, ਕਿਉਂਕਿ ਭਾਈ ਕਾਨ੍ਹ ਸਿੰਘ ਜੀ ਦੀ ਇਸ ਲਿਖਿਤ ਵਿਚ ਕੁਝ ਭੀ ਅਜਿਹਾ ਨਹੀਂ, ਜੋ ਸ੍ਰੀ ਦਸਮ ਗ੍ਰੰਥ ਦੇ ਵਿਰੁਧ ਹੋਵੇ। ਕੋਈ ਲੁਕਾਣ-ਛਿਪਾਣ ਵਾਲੀ ਗੱਲ ਹੀ ਨਹੀਂ। ਪਾਠਕ ਜਨ ਉਪਰੋਕਤ ਪੰਕਤੀਆਂ ਨੂੰ ਆਪ ਧਿਆਨ ਸਹਿਤ ਪੜ੍ਹ ਲੈਣ। ਭਾਈ ਜੀ ਨੇ ਕੇਵਲ ਇਹ ਲਿਖਿਆ ਹੈ ਕਿ ਸ੍ਰੀ ਦਸਮ ਗ੍ਰੰਥ ਨਾਲ 'ਗੁਰੂ' ਪਦ ਲਗਾਉਣਾ ਨਾਦਾਨੀ ਹੈ। ਕੀ 'ਮਾਨ' ਸਾਹਿਬ ਅਜਿਹੇ ਸਿਖ ਲੇਖਕਾਂ ਦੀਆਂ ਲਿਖਤਾਂ ਵਿਚੋਂ ਪ੍ਰਮਾਣ ਵਜੋਂ ਕੁਝ ਤੁਕਾਂ ਪ੍ਰਸਤੁਤ ਕਰ ਸਕਦੇ ਹਨ, ਜੋ ਸ੍ਰੀ ਦਸਮ ਗ੍ਰੰਥ ਨਾਲ 'ਗੁਰੂ' ਪਦ ਵਰਤਣ ਦੀ ਵਕਾਲਤ ਕਰਦੇ ਹਨ। ਹਰ ਸਿਖ ਦਾ ਇਹ ਅਟੁਟ ਵਿਸ਼ਵਾਸ ਹੈ ਕਿ ਕੇਵਲ ਸ੍ਰੀ ਆਦਿ ਗ੍ਰੰਥ ਹੀ ਗੁਰੂ ਪਦ ਨਾਲ ਸ਼ੋਭਿਤ ਹੈ। ਭਾਈ ਜੀ ਦੇ ਉਕਤ ਕਥਨ ਨੂੰ ਆਧਾਰ ਬਣਾ ਕੇ ਸਿਖਾਂ ਵਿਚ ਸੰਦੇਹ ਪੈਦਾ ਕਰਨਾ ਕਿ ਉਹ ਸ੍ਰੀ ਦਸਮ ਗ੍ਰੰਥ ਦੇ ਵਿਰੋਧੀ ਸਨ, ਮੇਰੀ ਨਜ਼ਰ ਵਿਚ ਇਕ ਅਤਿ ਘ੍ਰਿਣਤ ਪਾਪ ਹੈ। ਇਹ ਧੋਖਾ ਹੈ, ਅਕਾਦਮਿਕਤਾ ਨਹੀਂ। ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਸ੍ਰੀ ਦਸਮ ਗ੍ਰੰਥ ਸੰਬੰਧੀ 'ਮਹਾਨ ਕੋਸ਼' ਵਿਚਲਾ ਇੰਦਰਾਜ਼ ਮੈਂ ਇਥੇ ਪਾਠਕਾਂ ਦੀ ਜਾਣਕਾਰੀ ਵਾਸਤੇ ਇੰਨ-ਬਿੰਨ ਦੇ ਰਿਹਾ ਹਾਂ ਅਤੇ ਨਾਲ ਹੀ ਇਸ ਦਾ ਸਾਰਾਂਸ਼ ਪ੍ਰਸਤੁਤ ਕਰ ਰਿਹਾ ਹਾਂ-

ਦਸਮ ਗ੍ਰੰਥ : "ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦਸਿੰਘ ਸਾਹਿਬ ਦਾ ਗ੍ਰੰਥ. ਇਸ ਗ੍ਰੰਥ ਦੀ ਸੰਖੇਪ ਕਥਾ ਇਉਂ ਹੈ:- ਮਾਤਾ ਸੁੰਦਰੀ ਜੀ ਦੀ ਆਗਜਾ ਅਨੁਸਾਰ ਸੰਵਤ 1778 ਵਿੱਚ ਭਾਈ ਮਨੀ ਸਿੰਘ ਜੀ ਦਰਬਾਰ ਸਾਹਿਬ ਅਮ੍ਰਿਤਸਰ ਜੀ ਦੇ ਗ੍ਰੰਥੀ ਥਾਪੇ ਗਏ. ਭਾਈ ਸਾਹਿਬ ਨੇ ਇਹ ਸੇਵਾ ਬਹੁਤ ਉੱਤਮ ਰੀਤੀ ਨਾਲ ਨਿਬਾਹੀ ਅਤੇ ਸਿੱਖ ਧਰਮ ਦਾ ਪ੍ਰਚਾਰ ਚੰਗੀ ਤਰਾਂ ਕੀਤਾ. ਇਸ ਅਧਿਕਾਰ ਵਿੱਚ ਹੋਰ ਪੁਸਤਕ ਰਚਣ ਤੋਂ ਛੁੱਟ, ਭਾਈ ਸਾਹਿਬ ਨੇ ਇੱਕ ਚੌਥੀ ਬੀੜ ਗੁਰੂ ਗ੍ਰੰਥਸਾਹਿਬ ਜੀ ਦੀ ਬਣਾਈ, ਜਿਸ ਵਿੱਚ ਰਾਗਾਂ ਦੇ ਕ੍ਰਮ ਅਨੁਸਾਰ ਹਰੇਕ ਸਤਿਗੁਰੂ ਅਤੇ ਭਗਤ ਦੀ ਬਾਣੀ ਇੱਕ ਇੱਕ ਥਾਂ ਜੁਦੀ ਕਰਕੇ ਲਿਖੀ. ਇਸ ਤੋਂ ਵੱਖ, ਜਿੱਥੋਂ ਕਿੱਥੋਂ ਵਡੇ ਜਤਨ ਨਾਲ ਦਸਮ ਸਤਿਗੁਰੂ ਦੀ

ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਏਕਤ੍ਰ ਕਰਕੇ ਇੱਕ ਜਿਲਦ- "ਦਸਵੇਂ ਪਾਤਸ਼ਾਹ ਕਾ ਗ੍ਰੰਥ" ਨਾਮ ਕਰਕੇ ਲਿਖੀ. ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਚੌਥੀ ਬੀੜ ਗੁਰੂ ਅਰਜਨਦੇਵ ਦੀ ਰਚਨਾ ਦੇ ਵਿਰੁੱਧ ਦੇਖਕੇ ਪੰਥ ਦਾ ਭਾਈਸਾਹਿਬ ਤੇ ਵਡਾ ਕੋਪ ਹੋਇਆ ਅਤੇ ਗੁਰੂ ਖਾਲਸੇ ਨੇ ਬੀੜ ਅਪ੍ਰਮਾਣ ਕੀਤੀ. ਸੰਵਤ 1794 ਵਿੱਚ ਭਾਈ ਮਨੀਸਿੰਘ ਜੀ, ਸਿੱਖੀ ਦਾ ਸੱਚਾ ਨਮੂਨਾ ਦੱਸਕੇ ਲਹੌਰ ਵਿੱਚ ਸ਼ਹੀਦ ਹੋਏ. ਇਨ੍ਹਾਂ ਦੇ ਦੇਹਾਂਤ ਪੁਰ ਪੰਥ ਨੇ ਦਸਮਗ੍ਰੰਥ ਨੂੰ ਦਮਦਮੇ ਸਾਹਿਬ, ਜੋ ਉਸ ਸਮੇਂ ਵਿਦ੍ਯਾ ਦੀ ਟਕਸਾਲ (ਸਿੱਖਾਂ ਦੀ ਕਾਸ਼ੀ ਕਰਕੇ ਪ੍ਰਸਿੱਧ) ਸੀ ਵਿਚਾਰ ਲਈ ਭੇਜ ਦਿੱਤਾ. ਖਾਲਸਾਦੀਵਾਨ ਵਿੱਚ ਚਿਰ ਤੋੜੀ ਇਸ ਬੀੜ ਤੇ ਚਰਚਾ ਹੋਈ. ਕਿਤਨਿਆਂ ਨੇ ਕਿਹਾ ਕਿ ਜੁਦੀ ਜੁਦੀ ਪੋਥੀਆਂ ਵਿੱਚ ਬਾਣੀ ਦਾ ਰਹਿਣਾ ਯੋਗ ਨਹੀਂ, ਇੱਕ ਜਿਲਦ ਵਿੱਚ ਹੀ ਸਭ ਦਾ ਏਕਤ੍ਰ ਰਹਿਣਾ ਠੀਕ ਹੈ. ਕਈਆਂ ਨੇ ਆਖਿਆ ਕਿ ਇਸ ਬੀੜ ਦੀਆਂ ਜੁਦੀਆਂ ਜੁਦੀਆਂ ਪੋਥੀਆਂ ਰਹਿਣ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ ਗ੍ਯਾਨੀ ਵਿਦ੍ਯਾਰਥੀ ਪਠਨ ਪਾਠਨ ਕਰ ਸਕਨ, ਬਹੁਤਿਆਂ ਨੇ ਆਖਿਆ ਕਿ ਇਸ ਦੀਆਂ ਦੋ ਜਿਲਦਾਂ ਬਣਾਈਆਂ ਜਾਣ. ਇੱਕ ਵਿੱਚ ਉਹ ਬਾਣੀ ਹੋਵੇ ਜੋ ਕਲਗੀਧਰ ਦੀ ਸ੍ਰੀ ਮੁਖਵਾਕ ਰਚਨਾ ਨੌਂ ਸਤਿਗੁਰਾਂ ਦੀ ਅਕਾਲੀ ਬਾਣੀ ਤੁੱਲ ਹੈ, ਅਰ ਦੂਜੀ ਵਿੱਚ ਇਤਿਹਾਸ ਆਦਿਕ ਲਿਖੇ ਜਾਵਨ. ਬਹੁਤਿਆਂ ਨੇ ਰਾਇ ਦਿੱਤੀ ਕਿ ਹੋਰ ਸਭ ਬਾਣੀਆਂ ਤਾਂ ਭਾਈ ਮਨੀਸਿੰਘ ਜੀ ਦੀ ਲਿਖੀਆਂ ਜਯੋਂ ਕੀ ਤਯੋਂ ਰਹਿਣ, ਪਰ ਚਰਿਤ੍ਰ ਅਤੇ ਜ਼ਫ਼ਰਨਾਮੇ ਦੇ ਨਾਲ ਜੋ 11 ਹਕਾਯਤਾਂ ਲਿਖੀਆਂ ਹਨ, ਇਹ ਬੀੜ ਤੋਂ ਅਲਗ ਕੀਤੀਆਂ ਜਾਣ. (ਚਰਿਤ੍ਰਾਂ ਦਾ ਪਾਠ ਮਾਈਆਂ ਬੀਬੀਆਂ ਲਈ ਤਾਂ ਬਹੁਤ ਹੀ ਕਠਿਨਾਈ ਹੈ-ਗੁਰੁਮਤ ਮਾਰਤੰਡ)

ਇਸ ਤਰਾਂ ਹੋਰ ਤਰਕ-ਵਿਤਰਕ ਚਿਰ ਤਾਈਂ ਹੁੰਦੀ ਰਹੀ, ਪਰ ਕੋਈ ਫ਼ੈਸਲਾ ਨਹੀ ਹੋਇਆ. ਇਤਨੇ ਵਿੱਚ ਭਾਈ ਮਤਾਬਸਿੰਘ ਜੀ, ਮੱਸੇ ਰੰਘੜ ਦੇ ਹੱਥੋਂ (ਸੰਵਤ 1797 ਵਿੱਚ) ਦਰਬਾਰ ਅਮ੍ਰਿਤਸਰ ਜੀ ਦੀ ਬੇਅਦਬੀ ਦਾ ਹਾਲ ਸੁਣਕੇ ਬੀਕਾਨੇਰ ਤੋਂ ਅਮ੍ਰਿਤਸਰ ਜੀ ਉੱਪੜਨ ਲਈ ਰਾਹ ਜਾਂਦੇ, ਦਮਦਮੇ ਸਾਹਿਬ ਆ ਪੁੱਜੇ. ਪੰਥ ਨੇ ਉਨ੍ਹਾਂ ਦੀ ਰਾਇ ਭੀ ਦਸਮਗ੍ਰੰਥ ਬਾਬਤ ਲਈ, ਤਾਂ ਉਨ੍ਹਾਂ ਨੇ ਆਖਿਆ ਕਿ ਜੇ ਮੈਂ ਮੱਸੇ ਨੂੰ ਮਾਰਕੇ ਮੁੜ ਦਮਦਮੇ ਸਾਹਿਬ ਆਇਆ, ਤਾਂ ਬੀੜ ਭਾਈ ਮਨੀਸਿੰਘ ਜੀ ਦੀ ਲਿਖੀ ਕ਼ਾਇਮ ਰਹੇ, ਜੇ ਮੈ ਅਮ੍ਰਿਤਸਰ ਜੀ ਸ਼ਹੀਦ ਹੋਗਿਆ ਤਾਂ ਜਿਲਦ ਖੋਲ੍ਹਕੇ ਜੁਦੀਆਂ ਜੁਦੀਆਂ ਪੋਥੀਆਂ ਬਣਾਈਆਂ ਜਾਣ. ਭਾਈ ਮਤਾਬਸਿੰਘ ਜੀ ਬਹਾਦੁਰੀ ਨਾਲ ਪਾਮਰ ਅਨਜਾਈ ਮੱਸੇ ਨੂੰ ਮਾਰਕੇ ਜੈਕਾਰੇ ਗਜਾਉਂਦੇ ਦਮਦਮੇ ਸਾਹਿਬ ਆਏ. ਪੰਥ ਨੇ ਭਾਈ ਮਤਾਬਸਿੰਘ ਜੀ ਦਾ ਭਾਰੀ ਸਨਮਾਨ ਕੀਤਾ ਅਰ ਉਨ੍ਹਾਂ ਦੇ ਬਚਨ ਅਨੁਸਾਰ ਦਸਮਗ੍ਰੰਥ ਦੀ ਬੀੜ ਭਾਈ ਮਨੀਸਿੰਘ ਜੀ ਦੇ ਲਿਖੇ ਕ੍ਰਮ ਅਨੁਸਾਰ ਕ਼ਾਇਮ ਰੱਖੀ. ਦਸਮਗ੍ਰੰਥ ਦੀ ਬੀੜ ਇੱਕ ਭਾਈ ਸੁੱਖਾਸਿੰਘ (ਪਟਨੇ ਸਾਹਿਬ ਦੇ ਗ੍ਰੰਥੀ) ਨੇ ਭੀ ਲਿਖੀ ਹੈ, ਜਿਸ ਵਿੱਚ ਛੱਕੇ ਭਗੌਤੀਸਤੋਤ੍ਰ ਆਦਿਕ ਸ਼ਾਮਿਲ ਕਰ ਦਿੱਤੇ ਹਨ. ਅਞਾਣ ਅਤੇ ਮਨਮੌਜੀ ਲਿਖਾਰੀਆਂ ਦੀ ਕ੍ਰਿਪਾ ਨਾਲ ਕਈ ਹੋਰ ਬੀੜਾਂ ਭੀ ਬਣ ਗਈਆਂ ਹਨ ਅਤੇ ਅਰਥਾਂ ਤੋਂ ਅਨਰਥ ਹੋ ਗਏ ਹਨ, ਪਰ ਕਿਸੇ ਗੁਰੁਮਤ ਪ੍ਰੇਮੀ ਨੇ ਇਸ ਦੇ ਸੁਧਾਰ ਦਾ ਉਪਾਉ ਨਹੀਂ ਕੀਤਾ. ਭਾਵੇਂ ਬੀੜਾਂ ਤਾਂ ਬੇਅੰਤ ਹਨ, ਪਰ ਮੁੱਖ ਦੋ ਹੀ ਹਨ ਇੱਕ ਭਾਈ ਮਨੀਸਿੰਘ ਦੀ, ਜਿਸ ਦਾ ਦੂਜਾ ਨਾਉਂ ਭਾਈ ਦੀਪਸਿੰਘ ਵਾਲੀ ਭੀ ਹੈ, ਦੂਜੀ ਭਾਈ ਸੁੱਖਾਸਿੰਘ ਦੀ, ਜਿਸ ਨੂੰ ਲੋਕ ਖ਼ਾਸ ਬੀੜ ਕਰਕੇ ਭੀ ਸਦਦੇ ਹਨ."

ਭਾਈ ਕਾਨ੍ਹ ਸਿੰਘ 'ਨਾਭਾ' ਦੇ ਇਨ੍ਹਾਂ ਵਿਚਾਰਾਂ ਦਾ ਸਾਰਾਂਸ਼ ਇਸ ਪ੍ਰਕਾਰ ਹੈ-

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਗ੍ਰੰਥ ਦਾ ਨਾਮ ਦਸਮ ਗ੍ਰੰਥ ਹੈ।
2. 1721 ਈ. ਵਿਚ ਮਾਤਾ ਸੁੰਦਰੀ ਜੀ ਦੀ ਆਗਿਆ ਨਾਲ ਭਾਈ ਮਨੀ ਸਿੰਘ ਨੇ ਦਰਬਾਰ ਸਾਹਿਬ ਦੀ ਸੇਵਾ ਸੰਭਾਲੀ।
3. ਅਮ੍ਰਿਤਸਰ ਰਹਿੰਦਿਆਂ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਅਜਿਹੀ ਬੀੜ ਤਿਆਰ ਕਰਵਾਈ, ਜਿਸ ਵਿਚ ਬਾਣੀ ਦੀ ਤਰਤੀਬ ਬਦਲ ਦਿੱਤੀ ਗਈ (ਜਿਵੇਂ ਭਾਈ ਮਨੀ ਸਿੰਘ ਦੇ ਨਾਮ ਤੇ ਪ੍ਰਚਲਿਤ ਬੀੜ ਵਿਚ ਮਿਲਦੀ ਹੈ)।
4. ਭਾਰੀ ਮਿਹਨਤ ਕਰ ਕੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਇਕੱਤਰ ਕਰਵਾਈ, ਜਿਸ ਵਿਚ ਉਪਦੇਸ਼ਮਈ ਬਾਣੀ ਅਤੇ (ਉਨ੍ਹਾਂ ਦੁਆਰਾ ਕੀਤੇ) ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਸ਼ਾਮਿਲ ਸਨ।
5. ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਤਰਤੀਬ ਵਿਚ ਕੀਤੇ ਪਰਿਵਰਤਨ ਨੂੰ ਵੇਖ ਕੇ ਸਿਖ ਸੰਗਤਾਂ ਨੇ ਭਾਰੀ ਰੋਸ ਕੀਤਾ ਅਤੇ ਇਸ ਕਾਰਜ ਨੂੰ ਸੰਗਤਾਂ ਨੇ ਅਪ੍ਰਵਾਣ ਕੀਤਾ।
6. 1747 ਈ. ਵਿਚ ਭਾਈ ਜੀ ਦੀ ਸ਼ਹਾਦਤ ਤੋਂ ਬਾਅਦ ਦਸਮ ਗ੍ਰੰਥ ਉਤੇ ਵਿਚਾਰ ਕਰਨ ਵਾਸਤੇ ਇਸ ਨੂੰ ਦਮਦਮੇ ਸਾਹਿਬ ਦੇ ਟਕਸਾਲੀ ਵਿਦਵਾਨਾਂ ਕੋਲ ਭੇਜ ਦਿੱਤਾ ਗਿਆ।
7. ਕੁਝ ਨੇ ਕਿਹਾ ਕਿ ਬਾਣੀ-ਸੰਗ੍ਰਹਿ ਇਸੇ ਤਰ੍ਹਾਂ ਰਹਿਣਾ ਚਾਹੀਦਾ ਹੈ, ਪਰ ਕੁਝੇਕ ਵਿਦਵਾਨਾਂ ਦੀ ਸਲਾਹ ਸੀ ਕਿ ਬਾਣੀ ਦੀਆਂ ਵਖ-ਵਖ ਪੋਥੀਆਂ ਰਹਿਣੀਆਂ ਠੀਕ ਹਨ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ, ਗਿਆਨੀ, ਵਿਦਿਆਰਥੀ ਪੜ੍ਹ ਸਕਣ।
8. ਕੁਝ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਮਿਲਦੇ ਭਾਵ ਵਾਲੀਆਂ ਰਚਨਾਵਾਂ ਇਕ ਜਿਲਦ ਵਿਚ ਕਰ ਲਈਆਂ ਜਾਣ ਅਤੇ ਇਤਿਹਾਸਿਕ ਬਾਣੀਆਂ ਇਕ ਹੋਰ ਜਿਲਦ ਵਿਚ ਰਖੀਆਂ ਜਾਣ।
9. ਬਹੁਤਿਆਂ ਨੇ ਕਿਹਾ ਕਿ (ਵਿਦਵਾਨਾਂ ਦੇ ਪਠਨ-ਪਾਠਨ ਵਾਸਤੇ) ਕੇਵਲ ਚਰਿਤ੍ਰ ਅਤੇ ਹਕਾਇਤਾਂ ਦੀ ਪੋਥੀ ਵਖਰੀ ਰਖੀ ਜਾਵੇ, ਕਿਉਂਕਿ ਬੀਬੀਆਂ ਦੀ ਹਾਜ਼ਰੀ ਵਿਚ ਇਨ੍ਹਾਂ ਦਾ ਪਾਠ ਕਰਨਾ ਔਖਾ ਹੈ।
10. ਫ਼ੈਸਲਾ ਹੋਇਆ ਕਿ ਮੱਸੇ ਰੰਘੜ ਦੇ ਕਤਲ ਦਾ ਮਿਸ਼ਨ ਜੇ ਸਫਲ ਹੋ ਜਾਵੇ ਤਾਂ ਸਾਰਾ ਗ੍ਰੰਥ ਇਕੋ ਰਹੇ। ਮਿਸ਼ਨ ਸਫਲ ਰਿਹਾ ਅਤੇ ਬੀੜ ਦੇ ਵੀ ਅਵਿਭਾਜਿਤ ਰਹਿਣ ਦਾ ਫੈਸਲਾ ਹੋ ਗਿਆ।
11. ਭਾਈ ਮਨੀ ਸਿੰਘ ਵਾਲੀ ਬੀੜ ਨੂੰ ਹੀ ਬਾਬਾ ਦੀਪ ਸਿੰਘ ਵਾਲੀ ਬੀੜ ਕਿਹਾ ਜਾਂਦਾ ਹੈ।

12. ਪਟਨਾ ਸਾਹਿਬ ਦੇ ਗ੍ਰੰਥੀ ਸੁਖਾ ਸਿੰਘ ਨੇ ਦਸਮ ਗ੍ਰੰਥ ਵਿਚ 'ਛੱਕੇ ਭਗੌਤੀ ਸਤੋਤ੍ਰ' ਆਦਿ ਵਾਧੂ ਬਾਣੀਆਂ ਸ਼ਾਮਿਲ ਕੀਤੀਆਂ ਹਨ। ਅਜਿਹੇ ਅਨਜਾਣ ਅਤੇ ਮਨਮੌਜੀ ਲਿਖਾਰੀਆਂ ਨੇ ਕਈ ਹੋਰ ਬੀੜਾਂ ਬਣਾ ਲਈਆਂ ਹਨ।

ਨਿਰਸੰਦੇਹ ਭਾਈ ਕਾਨ੍ਹ ਸਿੰਘ 'ਨਾਭਾ' ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਗੁਰੂ-ਕ੍ਰਿਤ ਮੰਨਦਾ ਹੈ। ਦਸਮ ਗੁਰੂ ਜੀ ਦੀ ਬਾਣੀ ਦੇ ਉਹ ਦੋ ਵਰਗ ਮੰਨਦਾ ਹੈ। ਪਹਿਲੇ ਵਰਗ ਵਿਚ ਉਹ ਗੁਰੂ ਗ੍ਰੰਥ ਸਾਹਿਬ ਦੇ ਭਾਵ ਨਾਲ ਮਿਲਦੀ ਪ੍ਰਭੂ-ਭਗਤੀ ਵਾਲੀ ਬਾਣੀ ਨੂੰ ਰਖਦਾ ਹੈ ਅਤੇ ਦੂਜੇ ਵਰਗ ਵਿਚ ਉਹ ਗੁਰੂ ਜੀ ਦੁਆਰਾ ਰਚਿਤ ਪੌਰਾਣਿਕ ਰਚਨਾਵਾਂ ਨੂੰ ਰਖਦਾ ਹੈ। 'ਗੁਰੁਮਤ ਮਾਰਤੰਡ' ਵਿਚ ਉਹ ਲਿਖਦਾ ਹੈ ਕਿ ਦਮਦਮਾ ਸਾਹਿਬ ਦੇ ਵਿਦਵਾਨਾਂ ਨੇ ਭਾਈ ਮਨੀ ਸਿੰਘ ਦੀ ਬੀੜ ਨੂੰ ਤਾਂ ਪ੍ਰਵਾਨ ਕਰ ਲਿਆ, ਪਰ ਨਾਲ ਹੀ ਇਹ ਵੀ ਸੁਝਾਅ ਦਿੱਤਾ ਕਿ ਲਿਖਾਰੀਆਂ ਦੁਆਰਾ ਹੋਈਆਂ ਭੁਲਾਂ ਸੋਧੀਆਂ ਜਾਣ। ਦਮਦਮਾ ਸਾਹਿਬ ਵਿਚ ਉਪਸਥਿਤ ਸਿਖ ਵਿਦਵਾਨਾਂ ਦਾ ਮੱਤ ਸੀ ਕਿ "ਅਕਾਲ ਉਸਤਤਿ ਵਿਚ 201 ਅੰਗ ਤੋਂ 210 ਤਾਈਂ ਪ੍ਰਸ਼ਨ ਰੂਪ ਦੋਹਰੇ ਹਨ, ਪਰ ਉਨ੍ਹਾਂ ਦੇ ਉਤਰ ਨਹੀਂ ਹਨ, ਸੋ ਉਤਰ ਭੀ ਖੋਜ ਕਰ ਕੇ ਲਿਖੇ ਜਾਣ, ਔਰ 211 ਅੰਗ ਤੋਂ ਜੋ ਦੀਰਘ ਤ੍ਰਿਭੰਗੀ ਛੰਦ ਚਲਦਾ ਹੈ, ਉਹ 'ਅਕਾਲ ਉਸਤਤਿ' ਦਾ ਪਾਠ ਨਹੀਂ ਹੈ, ਉਸ ਨੂੰ ਦੂਜੇ ਚੰਡੀ ਚਰਿਤ੍ਰ ਦੇ ਸਤਵੇਂ ਅਧਿਆਇ ਵਿਚ ਲਿਖਿਆ ਜਾਵੇ। ਅਕਾਲ ਉਸਤਤਿ ਦਾ 27ਵਾਂ ਅੰਗ ਖੋਜ ਕੇ ਪੂਰਣ ਕੀਤਾ ਜਾਵੇ ਔਰ ਗਯਾਨ ਪ੍ਰਬੋਧ ਦਾ ਪਾਠ ਬਹੁਤ ਬਾਕੀ ਰਹਿ ਗਿਆ ਹੈ, ਉਸ ਦੀ ਭਾਲ ਕਰ ਕੇ ਪੁਸਤਕ ਸੰਪੂਰਣ ਹੋਣਾ ਚਾਹੀਏ, ਅਰ- ਮੈ ਨ ਗਨੇਸਹਿ ਪ੍ਰਿਥਮ ਮਨਾਊਂ- ਤੋਂ- ਚੂਕ ਹੋਇ ਕਵਿ ਲੇਹੁ ਸੁਧਾਰੇ- ਪਾਠ 'ਕ੍ਰਿਸ਼ਨਾਵਤਾਰ' ਦੇ ਅੰਤ ਦਾ ਹੈ, ਇਸ ਨੂੰ ਅੰਤ ਵਿਚ ਦਰਜ ਕੀਤਾ ਜਾਵੇ।" ਸੋ ਭਾਈ ਕਾਨ੍ਹ ਸਿੰਘ 'ਨਾਭਾ' ਨਾ ਕੇਵਲ ਸਾਰੇ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਦਸਦੇ ਹਨ, ਸਗੋਂ ਇਸ ਦੇ ਕੁਝ ਹੋਰ ਅੰਸ਼ ਖੋਜਣ ਵਾਸਤੇ ਵੀ ਕਹਿੰਦੇ ਹਨ। ਉਹ ਕਿਤੇ ਵੀ ਦਸਮ ਗ੍ਰੰਥ ਪ੍ਰਤੀ ਬੇਭਰੋਸਗੀ ਪ੍ਰਗਟ ਨਹੀਂ ਕਰਦੇ। ਪਾਠਕ ਆਪ ਹੀ ਅੰਦਾਜ਼ਾ ਲਗਾ ਲੈਣ ਕਿ ਡਾ. ਮਾਨ ਵਰਗੇ ਦਸਮ ਗ੍ਰੰਥ ਦਾ ਵਿਰੋਧ ਕਰਨ ਵਾਲੇ ਲਿਖਾਰੀ ਕਿਵੇਂ ਤਥਾਂ ਨਾਲ ਛੇੜ-ਛਾੜ ਕਰ ਕੇ ਸੱਚ ਨੂੰ ਝੂਠ ਸਥਾਪਿਤ ਕਰਨ ਲਈ ਦ੍ਰਿੜ੍ਹ-ਸੰਕਲਪ ਹਨ ? ਕਿਵੇਂ ਉਹ ਆਪਣੀ ਸਵਾਰਥ-ਸਿਧੀ ਵਾਸਤੇ ਵਿਦਿਤ ਲੋਕਾਂ ਦੀਆਂ ਲਿਖਤਾਂ ਦੀ ਦੁਰਵਰਤੋਂ ਕਰਦੇ ਹਨ ?

ਡਾ. ਮਾਨ 'ਮਹਾਨ ਕੋਸ਼' ਵਿਚੋਂ 'ਚਰਿਤਰੋਪਾਖਯਾਨ' ਦਾ ਇੰਦਰਾਜ਼ ਦੇ ਕੇ ਪਾਠਕਾਂ ਨੂੰ ਇਹ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਭਾਈ ਕਾਨ੍ਹ ਸਿੰਘ 'ਨਾਭਾ' ਇਸ ਬਾਣੀ ਨੂੰ ਅਨਯਮਤੀਆਂ ਦੀ ਕ੍ਰਿਤੀ ਮੰਨ ਕੇ ਇਸ ਦੇ ਗੁਰੂ-ਕ੍ਰਿਤ ਹੋਣ ਨੂੰ ਨਕਾਰਦੇ ਹਨ। ਅਸੀਂ ਪਾਠਕਾਂ ਦੀ ਜਾਣਕਾਰੀ ਵਾਸਤੇ 'ਨਾਭਾ' ਜੀ ਦਾ ਪੂਰਾ ਇੰਦਰਾਜ਼ ਹੇਠਾਂ ਦੇ ਰਹੇ ਹਾਂ-

"ਚਰਿਤ੍ਰ ; ਸੰਗਯਾ- ਪਿਆਦਾ, ਪੈਦਲ, ਪਦਾਤਿ। 2. ਕਰਨੀ, ਕਰਤੂਤ, ਆਚਾਰ। ੩. ਵ੍ਰਿੱਤਾਂਤ, ਹਾਲ। ਦਸਮਗ੍ਰੰਥ ਵਿਚ ਇਸਤਰੀ ਪੁਰਖਾਂ ਦੇ ਛਲ ਕਪਟ ਭਰੇ ਪ੍ਰਸੰਗ ਜਿਸ ਭਾਗ ਵਿਚ ਹਨ, ਉਸ ਦੀ 'ਚਰਿਤ੍ਰੋਪਾਖਯਾਨ' ਸੰਗਯਾ ਹੈ, ਪਰ ਪ੍ਰਸਿੱਧ ਨਾਮ 'ਚਰਿਤ੍ਰ' ਹੀ ਹੈ। ਚਰਿਤ੍ਰਾਂ ਦੀ ਗਿਣਤੀ 404 ਹੈ, ਪਰ ਸਿਲਸਿਲੇਵਾਰ ਲਿਖਣ ਵਿਚ 405 ਹੈ। ਤਿੰਨ ਸੌ ਪਚੀਹਵਾਂ (325) ਚਰਿਤ੍ਰ ਲਿਖਿਆ ਨਹੀਂ ਗਿਆ, ਪਰ ਉਸ ਦੇ ਅੰਤ ਇਤਿ ਸ੍ਰੀ ਲਿਖ ਕੇ 325 ਨੰਬਰ ਦਿਤਾ ਹੋਇਆ ਹੈ। ਇਹ ਪੋਥੀ ਦੀ ਭੂਮਿਕਾ ਵਿਚ ਲਿਖਿਆ ਹੋਇਆ ਹੈ ਕਿ ਰਾਜਾ ਚਿਤ੍ਰਸਿੰਘ ਦਾ ਰੂਪ ਵੇਖ ਕੇ ਇਕ ਅਪਸਰਾ ਮੋਹਿਤ ਹੋ ਗਈ ਅਰ ਉਸ ਨਾਲ ਸੰਬੰਧ ਜੋੜ ਕੇ ਹਨੁਵੰਤ ਸਿੰਘ ਮਨੋਹਰ ਪੁਤ੍ਰ ਪੈਦਾ ਕੀਤਾ। ਚਿਤ੍ਰ ਸਿੰਘ ਦੀ ਨਵੀਂ ਵਿਆਹੀ ਰਾਣੀ ਚਿਤ੍ਰਮਤੀ, ਯੁਵਾ ਹਨੁਵੰਤ ਸਿੰਘ ਦਾ ਅਦਭੁਤ ਰੂਪ ਵੇਖ ਕੇ ਮੋਹਿਤ ਹੋ ਗਈ ਅਰ ਰਾਜਕੁਮਾਰ ਨੂੰ ਕੁਕਰਮ ਲਈ ਪ੍ਰੇਰਿਆ, ਪਰ ਧਰਮੀ ਹਨੁਵੰਤ ਸਿੰਘ ਨੇ ਆਪਣੀ ਮਤੇਈ (ਮਾਂ) ਨੂੰ ਰੁਖਾ ਜਵਾਬ ਦਿਤਾ, ਇਸ ਪੁਰ ਰਾਣੀ ਨੇ ਆਪਣੇ ਪਤੀ ਪਾਸ ਝੂਠੀਆਂ ਗੱਲਾਂ ਬਣਾ ਕੇ ਪੁਤ੍ਰ ਦੇ ਮਾਰੇ ਜਾਣ ਦਾ ਹੁਕਮ ਦਿਵਾ ਦਿੱਤਾ। ਰਾਜੇ ਦੇ ਸਿਆਣੇ ਮੰਤ੍ਰੀ ਨੇ ਆਪਣੇ ਸ੍ਵਾਮੀ ਨੂੰ ਚਾਲਾਕ ਇਸਤ੍ਰੀਆਂ ਦੇ ਕਪਟ ਭਰੇ ਅਨੇਕ ਚਰਿਤ੍ਰ ਸੁਣਾ ਕੇ ਰਾਜਕੁਮਾਰ ਵਲੋਂ ਸ਼ੱਕ ਦੂਰ ਕਰਨ ਦਾ ਯਤਨ ਕੀਤਾ।

ਇਨ੍ਹਾਂ ਚਰਿਤ੍ਰਾਂ ਵਿਚ ਪੁਰਾਤਨ ਹਿੰਦੂ ਪੁਸਤਕਾਂ ਤੋਂ, ਬਹਾਰਦਾਨਿਸ਼ ਕਿਤਾਬ ਤੋਂ, ਮੁਗ਼ਲਾਂ ਦੀ ਖ਼ਾਨਦਾਨੀ ਕਹਾਣੀਆਂ ਤੋਂ, ਰਾਜਪੁਤਾਨੇ ਦੇ ਕਥਾ ਪ੍ਰਸੰਗਾਂ ਤੋਂ, ਪੰਜਾਬ ਦੇ ਕਿਸੇ ਕਹਾਣੀਆਂ ਤੋਂ, ਕੁਝ ਆਪਣੇ ਤਜ਼ਰਬਿਆਂ ਤੋਂ ਚਰਿਤ੍ਰ ਲਿਖੇ ਗਏ ਹਨ। ਅਰ ਸਿਧਾਂਤ ਇਹ ਹੈ ਕਿ ਕਾਮ ਦੇ ਦਾਸ ਹੋ ਕੇ ਚਾਲਾਕ ਪਰ-ਇਸਤ੍ਰੀਆਂ ਦੇ ਪੇਚਾਂ ਵਿਚ ਨਹੀਂ ਫਸਣਾ ਚਾਹੀਏ, ਅਰ ਉਨ੍ਹਾਂ ਤੇ ਇਤਬਾਰ ਕਰਕੇ ਆਪਣਾ ਸਰਵਨਾਸ਼ ਨਹੀਂ ਕਰ ਲੈਣਾ ਚਾਹੀਏ। ਇਸ ਤੋਂ ਇਹ ਸਿੱਟਾ ਨਹੀਂ ਕਢਣਾ ਚਾਹੀਏ ਕਿ ਆਪਣੀ ਧਰਮਪਤਨੀ ਅਤੇ ਯੋਗਯ੍ ਇਸਤ੍ਰੀਆਂ ਤੇ ਵਿਸ਼੍ਵਾਸ ਕਰਨਾ ਅਯੋਗ ਹੈ, ਭਾਵ ਇਹ ਹੈ ਕਿ ਕਾਮਾਤੁਰ ਹੋ ਕੇ ਪਰਇਸਤ੍ਰੀਆਂ ਦੇ ਪੇਚ ਵਿਚ ਫਸ ਕੇ ਲੋਕ ਪਰਲੋਕ ਖੋ ਲੈਣਾ ਕੁਕਰਮ ਹੈ।" ਭਾਈ ਜੀ ਦੇ ਇਸ ਇੰਦਰਾਜ਼ ਦਾ ਸਾਰਾਂਸ਼-

- ਇਹ ਕੇਵਲ ਨਾਰੀ-ਚਰਿਤ੍ਰ ਨਹੀਂ। ਇਸਤ੍ਰੀ-ਪੁਰਖ ਦੋਹਾਂ ਦੇ ਚਰਿਤ੍ਰ ਹਨ।
- ਇਹ ਕਥਾਵਾਂ ਰਾਜੇ ਚਿਤ੍ਰ ਸਿੰਘ ਨੂੰ ਮੰਤ੍ਰੀ ਨੇ ਮਨ-ਪਰਚਾਵੇ ਜਾਂ ਕਾਮੁਕ ਉਕਸਾਹਟ ਲਈ ਨਹੀਂ ਸੁਣਾਏ, ਸਗੋਂ ਉਸ ਦੀ ਬੁਧੀ ਤੋਂ ਕਾਮ ਦਾ ਉਨਮਾਦ ਦੂਰ ਕਰਨ ਲਈ ਸੁਣਾਏ ਸਨ। 'ਨਾਭਾ' ਜੀ ਨੇ ਕਥਾਵਾਂ ਸੁਣਾਉਣ ਵਾਲੇ ਨੂੰ 'ਸਿਆਣਾ ਮੰਤ੍ਰੀ' ਦਸਿਆ ਹੈ।
- ਜਿਨ੍ਹਾਂ ਕਥਾਵਾਂ ਨੂੰ ਸ੍ਰੀ ਦਸਮ ਗ੍ਰੰਥ ਦੇ ਵਿਰੋਧੀ ਕਾਮੁਕ, ਅਸ਼ਲੀਲ ਅਤੇ ਬਹੁਤ ਹੀ ਗੰਦੀਆਂ ਕਹਿੰਦੇ ਨਹੀਂ ਥਕਦੇ, ਭਾਈ ਕਾਨ੍ਹ ਸਿੰਘ 'ਨਾਭਾ' ਅਨੁਸਾਰ ਇਹ ਕਥਾਵਾਂ ਸੁਣਾਉਣ ਵਾਲਾ ਇਕ 'ਸਿਆਣਾ ਮੰਤ੍ਰੀ' ਸੀ।
- ਕਥਾਵਾਂ ਦੇ ਪ੍ਰਭਾਵ ਨੇ ਨਿਰਦੋਸ਼ ਹਨੁਵੰਤ ਸਿੰਘ ਦੀ ਜਾਨ ਬਚਾਉਣ ਦਾ ਉਪਕਾਰੀ ਪ੍ਰਭਾਵ ਪਾਇਆ।
- ਸਪਸ਼ਟ ਹੈ ਕਿ ਕਹਾਣੀਆਂ ਮਨੁੱਖ ਨੂੰ ਕਾਮ ਵਿਚ ਪਰਵਿਰਤ ਨਹੀਂ ਕਰਦੀਆਂ, ਸਗੋਂ ਕਾਮ-ਮੁਕਤੀ ਦੇਂਦੀਆਂ ਹਨ।
- ਕਰਤਾ ਨੇ ਪਰਉਪਕਾਰ ਵਾਸਤੇ ਇਹ ਕਥਾਵਾਂ ਵਖ-ਵਖ ਸੋਮਿਆਂ ਤੋਂ ਇਕੱਤਰ ਕੀਤੀਆਂ। ਕੁਝ ਕਥਾਵਾਂ ਸ੍ਰੀ ਗੁਰੂ ਜੀ ਦੇ ਆਪਣੇ ਤਜ਼ਰਬੇ ਦੇ ਆਧਾਰ ਤੇ ਰਚੀਆਂ ਗਈਆਂ ਹਨ। ਸਾਡਾ ਮੱਤ ਹੈ ਕਿ ਛਜਿਆ ਅਤੇ ਅਨੂਪ ਕੌਰ ਵਾਲੀਆਂ ਕਹਾਣੀਆਂ ਗੁਰੂ ਜੀ ਦਾ ਆਪਣਾ ਤਜ਼ਰਬਾ ਹੈ, ਜਿਸ ਦੀ ਸਵੀਕ੍ਰਿਤੀ ਭਾਈ ਜੀ ਦੇ ਉਪਰੋਕਤ ਸ਼ਬਦ ਦਿੰਦੇ ਹਨ।

- ਇਨ੍ਹਾਂ ਕਥਾਵਾਂ ਦਾ ਪ੍ਰਯੋਜਨ ਸਦ-ਆਚਰਨ ਹੈ।
- ਇਨ੍ਹਾਂ ਕਥਾਵਾਂ ਵਿਚ ਇਸਤ੍ਰੀ-ਨਿਰਾਦਰ ਦਾ ਭਾਵ ਬਿਲਕੁਲ ਨਹੀਂ।

ਡਾ. ਮਾਨ ਪਾਠਕਾਂ ਸਾਹਮਣੇ ਸਪਸ਼ਟ ਕਰਨ ਕਿ ਭਾਈ ਕਾਨ੍ਹ ਸਿੰਘ ਦਾ 'ਚਰਿਤ੍ਰੋਪਾਖਯਾਨ' ਸੰਬੰਧੀ ਮੱਤ ਸਾਡੇ ਮੱਤ ਦਾ ਕਿਥੇ ਉਲੰਘਣ ਕਰਦਾ ਹੈ ? ਅਤੇ ਡਾ. ਮਾਨ ਦੀਆਂ ਮਾਨਤਾਵਾਂ ਦੀ ਕਿਵੇਂ ਪ੍ਰੋੜ੍ਹਤਾ ਕਰਦਾ ਹੈ ?

3. ਡਾ. ਮਾਨ ਦਾ ਕਥਨ ਹੈ ਕਿ ਕੇਸਰ ਸਿੰਘ ਦਾ ਬੰਸਾਵਲੀਨਾਮਾ, ਜਿਸ ਵਿਚ ਸ੍ਰੀ ਦਸਮ ਗ੍ਰੰਥ ਦੇ ਸੰਕਲਨ ਦੀ ਗਾਥਾ ਹੈ, ਅਸਲ ਘਟਨਾਵਾਂ ਤੋਂ 70 ਸਾਲ ਬਾਅਦ ਲਿਖਿਆ ਗਿਆ ਹੈ, ਉਹ ਕਿਵੇਂ ਭਰੋਸੇਮੰਦ ਹੋ ਸਕਦਾ ਹੈ ? ਸਾਡਾ ਮੱਤ ਹੈ ਕਿ ਭਾਈ ਮਨੀ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸੰਕਲਨ 1725 ਈ. ਵਿਚ ਕੀਤਾ ਸੀ। ਇਸ ਦੇ ਸੰਕਲਨ-ਕਾਰਜ ਨੂੰ ਦਿਲੀ ਵਿਖੇ ਕੇਸਰ ਸਿੰਘ ਛਿਬਰ ਆਪ ਅਖੀਂ ਵੇਖ ਕੇ ਆਇਆ ਸੀ। ਕੇਸਰ ਸਿੰਘ ਦੇ ਬੰਸਾਵਲੀਨਾਮੇ ਅਤੇ ਸ੍ਰੀ ਦਸਮ ਗ੍ਰੰਥ ਦੇ ਸੰਕਲਨ ਵਿਚ 44 ਕੁ ਸਾਲਾਂ ਦਾ ਫ਼ਰਕ ਹੈ। ਛਿਬਰ ਅਨੁਸਾਰ ਇਹ ਸੰਕਲਨ ਗੁਰੂ ਗੋਬਿੰਦ ਸਿੰਘ ਜੀ ਦੇ ਸੰਗ ਰਹਿਣ ਵਾਲੇ ਭਾਈ ਮਨੀ ਸਿੰਘ ਨੇ ਕੀਤਾ ਸੀ। ਭਾਈ ਮਨੀ ਸਿੰਘ ਦਾ ਸਿਧਾ ਸੰਬੰਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੀ ਅਤੇ ਛਿਬਰ ਭਾਈ ਮਨੀ ਸਿੰਘ ਦੁਆਰਾ ਕੀਤੇ ਸੰਕਲਨ ਦਾ ਚਸ਼ਮਦੀਦ ਗਵਾਹ ਸੀ। ਇੰਞ ਇਹ 70 ਸਾਲ ਸਮੇਂ ਦੀ ਕੋਈ ਅਜਿਹੀ ਵਿਥ ਨਿਰਮਿਤ ਨਹੀਂ ਕਰ ਸਕਦੇ, ਜਿਥੇ ਕੁਝ ਪੀੜ੍ਹੀਆਂ ਦਾ ਅੰਤਰ ਹੋਵੇ। ਸੋ ਛਿਬਰ ਦੀ ਗਵਾਹੀ ਅਤੇ ਉਸ ਦੀ ਰਚਨਾ ਉਤੇ ਇਸ ਆਧਾਰ ਤੇ ਸੰਦੇਹ ਕਰਨ ਲਈ ਕੋਈ ਯੁਕਤੀ-ਸੰਗਤ ਕਾਰਣ ਨਹੀਂ ਹੈ। ਦੂਜੇ ਪਾਸੇ ਕਿਸੇ ਵੀ ਪੁਸ਼ਟ ਸਬੂਤ ਦੀ ਅਣਹੋਂਦ ਵਿਚ ਇਸ ਗ੍ਰੰਥ ਉਤੇ ਜੋ ਵੀਹਵੀਂ ਸਦੀ ਵਿਚ ਕਿੰਤੂ ਆਰੰਭ ਹੋਏ, ਉਹ ਕਿਵੇਂ ਮੰਨਣ ਯੋਗ ਹੋ ਸਕਦੇ ਹਨ ? ਜੇ ਸੱਤਰ ਸਾਲਾਂ ਦਾ ਅੰਤਰ ਦਸਮ ਗ੍ਰੰਥ ਉਤੇ ਬੇਭਰੋਸਗੀ ਨਿਰਮਿਤ ਕਰ ਸਕਦਾ ਹੈ, ਤਾਂ ਦੋ ਸੌ ਸਾਲ ਦਾ ਵਡਾ ਅੰਤਰ ਕਿਵੇਂ ਭਰੋਸੇਮੰਦ ਸਬੂਤ ਸਜੀਵ ਰਖ ਸਕਦਾ ਹੈ ? ਉਹ ਵੀ ਉਸ ਸਥਿਤੀ ਵਿਚ ਜਦੋਂ ਕਿ ਕਿਸੇ ਵੀ ਸਿਖ ਜਾਂ ਗੈਰ-ਸਿਖ ਲੇਖਕ ਨੇ ਸ੍ਰੀ ਦਸਮ ਗ੍ਰੰਥ ਦੇ ਗੁਰੂ ਜੀ ਦੀ ਬਾਣੀ ਨਾ ਹੋਣ ਬਾਰੇ ਕਦੇ ਵੀ ਕੁਝ ਨਹੀਂ ਲਿਖਿਆ। ਸਿਖ ਸਾਹਿਤ ਵਿਚ ਸ੍ਰੀ ਦਸਮ ਗ੍ਰੰਥ ਦੀ ਬਾਣੀ, ਗ੍ਰੰਥ ਦੇ ਸੰਕਲਨ ਅਤੇ ਬਾਣੀ ਦਾ ਵਿਆਪਕ ਉਲੇਖ ਹੋਣ ਦੇ ਬਾਵਜੂਦ ਡਾ. ਮਾਨ ਕਹਿ ਰਹੇ ਹਨ ਕਿ ਅਠਾਰਵੀਂ ਸਦੀ ਦੇ ਕਿਸੇ ਗ੍ਰੰਥ ਵਿਚ ਸ੍ਰੀ ਦਸਮ ਗ੍ਰੰਥ ਦੇ ਸੰਕਲਨ ਦੀ ਕੋਈ ਗਵਾਹੀ ਨਹੀਂ ਮਿਲਦੀ। ਪਰ ਜ਼ਰਾ ਡਾ. ਮਾਨ ਉਨੀਵੀਂ ਸਦੀ ਤਕ ਦੇ ਕਿਸੇ ਵੀ ਗ੍ਰੰਥ ਵਿਚੋਂ ਸ਼੍ਰੀ ਦਸਮ ਗ੍ਰੰਥ ਵਿਰੁਧ ਉਲੇਖ ਪਾਠਕਾਂ ਸਾਹਮਣੇ ਰਖਣ। ਵਿਦਵਾਨ ਨੂੰ ਸਬੂਤ ਮੰਗਣੇ ਹੀ ਨਹੀਂ ਆਉਣੇ ਚਾਹੀਦੇ, ਸਬੂਤ ਪ੍ਰਸਤੁਤ ਕਰਨ ਦੀ ਜ਼ਿਮੇਵਾਰੀ ਵੀ ਲੈਣੀ ਚਾਹੀਦੀ ਹੈ।

4. ਅਸਲ ਵਿਚ ਅਕਾਦਮਿਕਤਾ ਦੇ ਮਥੇ ਉਤੇ ਝੂਠ ਦਾ ਜੋ ਕਲੰਕ ਜਬਰੀ ਲਾਉਣ ਤੋਂ ਡਾ. ਮਾਨ ਬਿਲਕੁਲ ਨਹੀਂ ਝਿਜਕਦੇ, ਉਹ ਇਕ ਅਜਿਹਾ ਕਰਮ ਹੈ, ਜੋ ਸ਼ਾਇਦ ਹੀ ਇਸ ਤੋਂ ਪਹਿਲਾਂ ਕਦੇ ਵਾਪਰਿਆ ਹੋਵੇ। ਵਿਦਵਾਨ ਅਨਜਾਣਪੁਣੇ ਵਿਚ ਜੇ ਕਿਸੇ ਤਥ ਦੀ ਪ੍ਰਸਤੁਤੀ ਗ਼ਲਤ ਢੰਗ ਨਾਲ ਕਰ ਲਵੇ, ਤਾਂ ਉਹ ਧਿਆਨ ਦਿਵਾਉਣ ਤੇ ਅਸਲੀਅਤ ਨੂੰ ਸੁਹਿਰਦਤਾ ਨਾਲ ਸਵੀਕਾਰ ਕਰ ਲੈਂਦਾ ਹੈ। ਪਰ ਡਾ. ਮਾਨ ਜਾਣਦਿਆਂ ਬੁਝਦਿਆਂ ਤਥਾਂ ਨੂੰ ਤੋੜ-ਮਰੋੜ ਕੇ ਸਿਖ ਪੰਥ ਨਾਲ ਧੋਖਾ ਕਰ ਰਹੇ ਹਨ। ਉਹ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਅਤੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਉਤੇ ਸੌ ਫੀ ਸਦੀ ਝੂਠ ਆਰੋਪਿਤ ਕਰ ਕੇ ਉਨ੍ਹਾਂ ਨੂੰ ਸ੍ਰੀ ਦਸਮ ਗ੍ਰੰਥ ਦੇ ਵਿਰੋਧੀ ਸਿਧ ਕਰਨ ਦੀ ਕੁਚੇਸ਼ਟਾ ਵਿਚ ਲਿਪਤ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਸੰਪੂਰਨ ਕਥਨ ਨੂੰ ਅਸੀਂ ਸਮੀਖਿਆ ਸਹਿਤ ਉਪਰ ਵਿਚਾਰ ਆਏ ਹਾਂ। ਗਿਆਨੀ ਗਿਆਨ ਸਿੰਘ ਦੇ ਵਿਚਾਰ ਮੈਂ ਪਾਠਕਾਂ ਸਾਹਮਣੇ ਰਖਣਾ ਚਾਹੁੰਦਾ ਹਾਂ, ਜਿਨ੍ਹਾਂ ਬਾਰੇ ਡਾ. ਮਾਨ ਲਿਖਦਾ ਹੈ "In 1880 AD Giani Gian Singh writes, "The Granth that is now known as that of the 10th Guru, there was no bir of this Granth during the time of the Guru. Banis remained scattered here and there." (ਅਰਥਾਤ 1880 ਈ. ਵਿਚ ਗਿਆਨੀ ਗਿਆਨ ਸਿੰਘ ਲਿਖਦਾ ਹੈ "ਜੋ ਗ੍ਰੰਥ ਹੁਣ ਦਸਵੇਂ ਗੁਰੂ ਜੀ ਦਾ ਮੰਨਿਆ ਜਾਂਦਾ ਹੈ, ਗੁਰੂ ਜੀ ਦੇ ਵਕਤ ਵਿਚ ਇਸ ਦੀ ਕੋਈ ਬੀੜ ਨਹੀਂ ਸੀ। ਬਾਣੀ ਇਧਰ-ਉਧਰ ਖਿੰਡੀ-ਪੁੰਡੀ ਸੀ")। ਪਾਠਕ ਧਿਆਨ ਦੇਣ, ਇਸ ਵਾਕ ਵਿਚ ਕੇਵਲ ਇਹ ਕਿਹਾ ਹੈ ਕਿ ਗੁਰੂ ਜੀ ਦੇ ਵਕਤ ਵਿਚ ਇਹ ਬਾਣੀ ਵਖ-ਵਖ ਲੋਕਾਂ ਕੋਲ ਸੀ, ਗ੍ਰੰਥ ਰੂਪ ਵਿਚ ਸੰਕਲਿਤ ਨਹੀਂ ਸੀ। ਇਸ ਵਿਚ ਸ੍ਰੀ ਦਸਮ ਗ੍ਰੰਥ ਦੀ ਬਾਣੀ ਦੇ ਵਿਰੁਧ ਅਜਿਹਾ ਕੁਝ ਵੀ ਨਹੀਂ, ਜੋ ਡਾ. ਮਾਨ ਪਾਠਕਾਂ ਦੇ ਜ਼ਿਹਨ ਵਿਚ ਜ਼ਬਰਦਸਤੀ ਠੋਸ ਰਹੇ ਹਨ। ਗਿਆਨੀ ਗਿਆਨ ਸਿੰਘ ਦਾ ਸਹੀ ਮੱਤ ਪ੍ਰਸਤੁਤ ਕਰਨ ਵਾਸਤੇ ਅਸੀਂ ਪਾਠਕਾਂ ਨਾਲ ਉਸ ਦੀ ਰਚਨਾ ਵਿਚੋਂ ਕੁਝ ਉਦਾਹਰਣਾਂ ਸਾਂਝੀਆਂ ਕਰਨਾ ਚਾਹੁੰਦੇ ਹਾਂ, ਤਾਂ ਕਿ ਸਾਧਾਰਨ ਸਿਖ ਸਚ ਅਤੇ ਝੂਠ ਦੀ ਪਰਖ ਕਰ ਸਕੇ-

ਚੌਪਈ । ਨਿਜ ਬਾਨੀ ਗੁਰੁ ਦਸਮ ਜੁ ਰਰੀ। ਸਰਸ ਸੁਜਾਤਿ ਸੁਬ੍ਰਿਤਨ ਜਰੀ।
ਜਮਕ ਦਮਕ ਭੂਸ਼ਨਯੁਤ ਭੂਸ਼ਤ। ਕਾਬਯ ਕੋਸ਼ ਅਨੁਸਾਰ ਅਦੂਸ਼ਤ। ੭੧ ।
ਬਸੰਗ ਲਛਨਾ ਧੁਨੀ ਅਪਾਰੇ। ਉਕਤਿ ਜੁਕਤਿ ਰਸ ਰਾਸਿ ਉਦਾਰੇ।
ਦਸਮ ਗੁਰੂ ਕੇ ਗ੍ਰੰਥ ਮਝਾਰੀ। ਵਹਿ ਬਾਨੀ ਹੈ ਲੇਹੁ ਨਿਹਾਰੀ। ੭੨ ।
ਕਵੀ ਗੁਰੂ ਢਿਗ ਹੁਤੇ ਬਵੰਜਾ। ਰਹਿਤੇ ਬਾਨੀ ਰਚਿਤ ਅਭੰਜਾ।
ਗ੍ਰੰਥ ਗੁਰੂ ਥੇ ਬਹੁ ਬਨਵਾਏ। ਜਾਨੌਂ ਜਿਤਿਕ ਨਾਮ ਦਿਹੁੰ ਗਾਏ। ੭੩ ।
ਪਰਬ ਅਠਾਰਾਂ ਭਾਰਥ ਕੇਰੇ। ਭਾਖਾ ਕਰੇ ਗੁਰੂ ਬਿਨੁ ਦੇਰੇ।
ਤਿਨ ਮੈਂ ਸੇ ਹੈਂ ਦਸ ਪ੍ਰਸਿਧੈਂ। ਆਠ ਲੋਪ ਹੋਏ ਕਿਸਿ ਬਿਧੈਂ। ੭੪ ।
ਜੋ ਪਟਲੇਸ਼੍ਵਰ ਅਬਿ ਬਨਵਾਏ। ਕਰੇ ਅਠਾਰਾਂ ਪੂਰੇ ਸਾਏ।
ਪੁਨ ਗੁਰੁ ਸਰਬ ਲੋਹ ਇਕ ਕਥਾ। ਪ੍ਰੇਮ ਸੁਮਾਰਗ ਔਰੈਂ ਤਥਾ। ੭੫ ।
ਨੀਤੀ ਸਾਗਰ ਥਾ ਪ੍ਰਕਾਸ਼ਾ। ਉਪਨਿਸ਼ਦਾਂ ਕੀਨੀ ਥੀਂ ਭਾਸ਼ਾ।

ਗੋਬਿੰਦ ਗੀਤਾ ਔਰ ਪ੍ਰਭਾਖੀ। ਯਹਿ ਸਭਿ ਸੁਨੀ ਵਡਨ ਤੈ ਸਾਖੀ। ੭੬ ।
ਗੁਰੁ ਕੇ ਰਚੇ ਸਿਖ ਬਹੁ ਭਾਨੈਂ। ਸਾਚ ਝੂਠ ਸਭਿ ਗੁਰੁ ਹੀ ਜਾਨੈ।
ਇਤਜਾਦਿਕ ਬਹੁ ਗ੍ਰੰਥ ਰਚਾਏ। ਥੇ ਸਤਿਗੁਰੁ ਹਮ ਸੁਨਯੋ ਮਹਾਂਏ। ੭੭ ।
ਆਨੰਦਪੁਰਿ ਤੇ ਨਿਕਸੇ ਜਬੈ। ਲੂਟੇ ਗਏ ਰੋਪੜ ਢਿਗ ਤਬੈ।
ਕੁਛ ਪਹਾੜੀਅਨ ਕੇ ਕਰ ਆਏ। ਕੁਛ ਤੁਰਕਨ ਲੈ ਨਦੀ ਬਹਾਏ। ੭੮ ।
ਜੋ ਕਿਤ ਕਿਤ ਸਿਖਨ ਕੇ ਪਾਸੈਂ। ਰਹਿਗੇ ਥੇ ਪਿਖੀਅਤ ਸੋ ਖਾਸੈਂ।
ਵਹਿ ਪੁਸਤਕ ਫਿਰ ਕਰਿ ਇਕ ਠੌਰੈਂ। ਬੀੜ ਮਨੀ ਸਿੰਘ ਬਾਂਧੀ ਗੌਰੈਂ। ੭੯ ।
ਜੋ ਅਬਿ ਗ੍ਰੰਥ ਦਸਮ ਗੁਰੁ ਕੇਰਾ। ਕਹਿਲਾਵਤ ਮਧ ਪੰਥ ਉਚੇਰਾ।
ਸਤ੍ਰਾਂ ਸੈ ਅਠਤ੍ਰੇ ਸਾਲੈਂ। ਰਚੀ ਬੀੜ ਇਸ ਕੇਰ ਬਿਸਾਲੈਂ। ੮੦ ।
ਤਾ ਕਾ ਭੋਗ ਹਕਾਯਤ ਪਰ ਹੈ। ਜਾਨਤ ਸਿਖ ਗੁਰੂ ਕੇ ਬਰ ਹੈਂ।
ਮਨੀ ਸਿੰਘ ਕੇ ਕਤਲ ਬਾਦ ਫਿਰ। ਗ੍ਰੰਥ ਭਯੋ ਵਹਿ ਲੋਪ ਕਿਸੈ ਧਿਰ। ੮੧ ।
ਯਾਂ ਤੈ ਦੀਪ ਸਿੰਘ ਸ਼ਾਹੀਦੈਂ। ਦੁਤੀ ਬੀੜ ਪੁਨ ਰਚੀ ਮਹੀਦੈਂ।
ਅਠਾਰਾਂ ਸੈ ਚਾਰ ਮਝਾਰੇ। ਅੰਤ ਕਬਿਤ ਸਫੋਟਕ ਧਾਰੇ। ੮੨ ।
(ਪੰਥ ਪ੍ਰਕਾਸ਼)

ਇਸ ਦਾ ਸਾਰਾਂਸ਼-

- ਗੁਰੂ ਜੀ ਨੇ ਜਿਹੜੀ ਆਪਣੀ ਬਾਣੀ ਉਚਾਰਨ ਕੀਤੀ, ਉਹ ਉਤਮ ਪ੍ਰਕਾਰ ਦੇ ਛੰਦਾਂ ਨਾਲ ਸੁਸਜਿਤ, ਸੁੰਦਰ ਅਲੰਕਾਰਾਂ ਨਾਲ ਜੜੀ ਅਤੇ ਕਾਵਿ-ਦੋਸ਼ਾਂ ਤੋਂ ਮੁਕਤ ਸੀ, ਉਹ ਬਾਣੀ ਹੁਣ ਦਸਮ ਗੁਰੂ ਜੀ ਦੇ ਗ੍ਰੰਥ ਵਿਚ ਵੇਖੀ ਜਾ ਸਕਦੀ ਹੈ।
- ਗੁਰੂ ਜੀ ਕੋਲ ਬਵੰਜਾ ਕਵੀ ਰਹਿੰਦੇ ਸਨ। ਉਨ੍ਹਾਂ ਤੋਂ ਗੁਰੂ ਜੀ ਨੇ ਕਈ ਗ੍ਰੰਥ ਬਣਵਾਏ ਸਨ, ਜਿਨ੍ਹਾਂ ਵਿਚ ਮਹਾਭਾਰਤ ਦੇ ਅਠਾਰਾਂ ਪਰਵਾਂ ਦਾ ਅਨੁਵਾਦ ਸ਼ਾਮਿਲ ਸੀ, ਜਿਸ ਦੇ ਅਠ ਪਰਵ ਨਸ਼ਟ ਹੋ ਗਏ ਅਤੇ ਸਿਰਫ਼ ਦਸ ਉਪਲਬਧ ਰਹਿ ਗਏ ਹਨ। ਸਰਬ ਲੋਹ ਗ੍ਰੰਥ, ਪ੍ਰੇਮ ਸੁਮਾਰਗ, ਨੀਤੀ ਸਾਗਰ, ਉਪਨਿਸ਼ਦਾਂ ਦਾ ਭਾਖਾ ਰੂਪ, ਗੋਵਿੰਦ ਗੀਤਾ ਆਦਿ ਅਨੇਕ ਗ੍ਰੰਥਾਂ ਦੀ ਰਚਨਾ ਸੰਬੰਧੀ ਬੁਜ਼ੁਰਗਾਂ ਤੋਂ ਕਥਾਵਾਂ ਸੁਣੀਆਂ ਹਨ। ਬਹੁਤ ਸਿਖ ਇਹ ਸਾਰੀਆਂ ਰਚਨਾਵਾਂ ਗੁਰੂ-ਕ੍ਰਿਤ ਮੰਨਦੇ ਹਨ, ਪਰ ਸੱਚ ਝੂਠ ਗੁਰੂ ਜਾਣਦਾ ਹੈ। ਚੇਤੇ ਰਹੇ ਇਸ ਸੱਚ ਝੂਠ ਦੇ ਸੰਦੇਹ ਦਾ ਸੰਬੰਧ ਦਸਮ ਗ੍ਰੰਥ ਦੀਆਂ ਬਾਣੀਆਂ ਸੰਬੰਧੀ ਨਹੀਂ ਕੇਵਲ ਉਪਰੋਕਤ ਰਚਨਾਵਾਂ ਸੰਬੰਧੀ ਹੈ। ਵਿਰੋਧੀ ਪਖ ਤਥਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕਰ ਕੇ ਗਿਆਨ ਸਿੰਘ ਨੂੰ ਆਪਣੇ ਪੱਖ ਵਿਚ ਕਰਨ ਦੀ ਨਿੰਦਿਤ ਚੇਸ਼ਟਾ ਕਰਦਾ ਹੈ।
- ਜਦੋਂ ਗੁਰੂ ਜੀ ਨੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛਡ ਦਿਤਾ ਤਾਂ ਸਰਸਾ ਦੇ ਕੰਢੇ ਤੇ ਮੱਚੀ ਲੁਟ ਸਮੇਂ ਕੁਝ ਸਾਹਿਤਿਕ ਸਾਮਗਰੀ ਨਦੀ ਵਿਚ ਰੁੜ੍ਹ ਗਈ, ਕੁਝ ਪਹਾੜੀਆਂ ਦੇ ਹਥ ਲਗੀ। ਕਿਤੇ ਕਿਤੇ ਕੋਈ ਪੱਤਰਾ ਸਿਖਾਂ ਦੇ ਹਥ ਲਗਿਆ, ਜੋ ਖ਼ਾਸ ਪੱਤਰਾਂ ਦੇ ਰੂਪ ਵਿਚ ਵੇਖੀਦਾ ਹੈ।
- ਭਾਈ ਮਨੀ ਸਿੰਘ ਨੇ ਬਾਣੀ ਦੀਆਂ ਪੋਥੀਆਂ ਲਭ ਕੇ 1778 ਸੰਵਤ (1721 ਈ.) ਵਿਚ ਜੋ ਬੀੜ ਬਹੁਤ ਧਿਆਨ ਸਹਿਤ ਤਿਆਰ ਕੀਤੀ, ਉਹ ਹੁਣ ਦਸਮ ਗੁਰੂ ਜੀ ਦਾ ਗ੍ਰੰਥ ਹੈ, ਜਿਸ ਦਾ ਪੰਥ ਵਿਚ ਬਹੁਤ ਸਤਿਕਾਰ ਹੈ। ਗੁਰੂ ਦੇ ਸਿਆਣੇ ਸਿਖ ਜਾਣਦੇ ਹਨ ਕਿ ਇਸ ਦੇ ਪਾਠ ਦਾ ਭੋਗ ਹਕਾਇਤਾਂ ਪਰ ਹੈ ਅਰਥਾਤ ਵਿਦਿਤ ਸਿਖਾਂ ਵਾਸਤੇ ਇਸ ਗ੍ਰੰਥ ਦੀ ਹਕਾਇਤਾਂ ਤਕ ਸਾਰੀ ਬਾਣੀ ਗੁਰੂ-ਕ੍ਰਿਤ ਹੈ।
- ਭਾਈ ਮਨੀ ਸਿੰਘ ਦੀ ਮ੍ਰਿਤੂ ਪਿਛੋਂ ਉਹ ਬੀੜ ਅਲੋਪ ਹੋ ਗਈ। ਬਾਬਾ ਦੀਪ ਸਿੰਘ ਜੀ ਨੇ ਸੰਵਤ 1804 (1747 ਈ.) ਵਿਚ ਫਿਰ ਯਤਨ ਪੂਰਵਕ ਸ਼੍ਰੀ ਦਸਮ ਗ੍ਰੰਥ ਦੀ ਦੂਜੀ ਬੀੜ ਵਿਚ ਬਾਣੀ ਸੰਕਲਿਤ ਕੀਤੀ। ਉਸ ਨੇ ਹਰ ਪ੍ਰਕਾਰ ਦੇ ਛੰਦ ਅਤੇ ਵਖ-ਵਖ ਬਾਣੀਆਂ ਨੂੰ ਬਹੁਤ ਧਿਆਨ ਨਾਲ ਅੰਕਿਤ ਕੀਤਾ। ਇਸ ਬੀੜ ਦਾ ਸਮਾਪਨ ਸਫੋਟਕ ਕਬਿਤਾਂ ਉਤੇ ਸੀ।

ਗਿਆਨੀ ਗਿਆਨ ਸਿੰਘ ਨੇ ਹੀ ਆਪਣੀ ਪੁਸਤਕ 'ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ (1970) ਦੇ ਪੰਨਾ 760 ਉਪਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਲ ਦਾ ਵਰਣਨ ਕਰਦਿਆਂ ਲਿਖਿਆ ਹੈ "ਜਿਸ ਕੁਲ ਵਿਚ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋਯਾ ਹੈ ਓਸ ਦਾ ਵਰਣਨ ਆਪ ਹੀ ਦਸਮ ਗੁਰੂ ਜੀ ਨੇ ਬਚਿਤ੍ਰ ਨਾਟਕ ਵਿਚ ਕੀਤਾ ਹੈ।" ਅਗੇ ਬਚਿਤ੍ਰ ਨਾਟਕ ਦੀ ਕਹਾਣੀ ਹੈ। ਅਗਲੇ ਅਧਿਆਏ ਵਿਚ ਪੰਨਾ 762 ਤੋਂ 765 ਤਕ 'ਗੁਰੂ ਜੀ ਦੇ ਪੂਰਬ ਜਨਮ ਦੀ ਕਥਾ' ਨਾਮੀ ਅਧਿਆਏ ਵਿਚ 'ਬਚਿਤ੍ਰ ਨਾਟਕ' ਦੇ 'ਅਬ ਮੈਂ ਅਪਨੀ ਕਥਾ ਬਖਾਨੋ' ਦੇ ਆਧਾਰ ਤੇ ਲਿਖੀ ਹੈ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ "ਗੁਰੂ ਸਾਹਿਬ ਦੀ ਵਿਦਯਾ ਤੇ ਚਮਤਕਾਰ ਤੇ ਬੀਰ ਰਸ ਦੇ ਪ੍ਰਕਾਰ ਅਪਾਰ ਭਾਂਤ ਦੇ ਵਿਦਵਾਨਾਂ ਦੀ ਕਵੀਸ਼ਰੀ ਤੇ ਪ੍ਰਵਿਰਤੀ ਤੋਂ ਹੀ ਦੇਖ ਸਕਦੇ ਹਨ, ਕਿ ਕਿਥੋਂ ਤੀਕਰ ਤੇ ਕਿਸ ਪ੍ਰਕਾਰ ਓਨ੍ਹਾਂ ਨੇ ਅਧਮੋਏ ਹਿੰਦੂਆਂ ਵਿਚ ਬੀਰ ਰਸ ਭਰਕੇ ਸਯਾਰਾਂ ਤੋਂ ਸ਼ੇਰ ਕਰ ਦਿਖਾਯਾ ਹੈ। ਸਗੋਂ ਦੇਵੀ ਦੇਵਤਾ ਰਾਮ ਕ੍ਰਿਸ਼ਨਾਦਿਕ ਪੁਰਖਾਂ ਦੇ ਜੀਵਨ ਚਰਿਤ੍ਰ ਅਜੇਹੇ ਢੰਗ ਨਾਲ ਛੰਦਾਬੰਦੀ ਵਿਚ ਵਰਣਨ ਕੀਤੇ ਹਨ ਕਿ ਜਿਨ੍ਹਾਂ ਨੂੰ ਪੜ੍ਹਨ ਸੁਣਨ ਵਾਲਿਆਂ ਦੇ ਦਿਲ ਵਿਚ ਆਪ ਤੋਂ ਆਪ ਬੀਰ ਰਸ ਦੀ ਉਮੰਗ ਭਰ ਜਾਂਦੀ ਹੈ। ਗੁਰੂ ਜੀ ਦੀ ਕਵਿਤਾ ਭੀ ਚਮਕ, ਦਮਕ, ਰਸ, ਰੀਤ, ਅਲੰਕਾਰ, **ਲਛਨਾ**, ਧੁਨੀ, ਅਵਰੇਵ, ਵਯੰਜਨਾਦਿਕ ਭੂਖਣਾ ਕਰ ਭੂਖਤ ਹੈ, ਜਿਸ ਦੇ ਅਵਲੋਕਨ ਤੋਂ ਚਿਤ ਨਹੀਂ ਉਤਰਦਾ" (ਤਵਾਰੀਖ ਗੁਰੂ ਖਾਲਸਾ, ਪੰਨਾ 818-19)। ਸੋ

ਗਿਆਨੀ ਜੀ ਨੂੰ ਸ਼੍ਰੀ ਦਸਮ ਗ੍ਰੰਥ ਦੇ ਵਿਰੋਧੀਆਂ ਵਿਚ ਖੜ੍ਹੇ ਕਰਨਾ ਅਜਿਹਾ ਪਰਮਾਰਥਕ ਪਾਪ ਹੈ, ਜਿਸ ਨੂੰ ਵੇਖ ਕੇ ਇਹ ਅਚੰਭਾ ਹੁੰਦਾ ਹੈ ਕਿ ਕੋਈ ਵਿਅਕਤੀ ਕੇਵਲ ਆਪਣੀ ਹਠ-ਧਰਮਿਤਾ ਅਧੀਨ ਇੰਵ ਬੇਬਾਕ, ਬੇਝਿਜਕ ਝੂਠ ਕਿਵੇਂ ਲਿਖ-ਬੋਲ ਸਕਦਾ ਹੈ ?

5. ਡਾ. ਮਾਨ ਮੇਰੇ ਉਤੇ ਇਲਜ਼ਾਮ ਲਗਾਉਂਦੇ ਹਨ ਕਿ ਮੈਂ ਭਾਈ ਕਾਨ੍ਹ ਸਿੰਘ 'ਨਾਭਾ' ਅਤੇ ਗਿਆਨੀ ਗਿਆਨ ਸਿੰਘ ਦੁਆਰਾ ਪ੍ਰਤਿਪਾਦਿਤ ਤਥਾਂ ਦੀ ਸਹੀ ਪ੍ਰਸਤੁਤੀ ਨਹੀਂ ਕੀਤੀ। ਅਸਲੀਅਤ ਵਿਚ ਮੈਨੂੰ ਇਨ੍ਹਾਂ ਦੇ ਅਧੂਰੇ ਜਾਂ ਭੰਨੇ-ਤੋੜੇ ਵਿਚਾਰ ਪਾਠਕਾਂ ਸਾਹਮਣੇ ਰਖਣ ਦੀ ਕੋਈ ਜ਼ਰੂਰਤ ਨਹੀਂ ਸੀ, ਕਿਉਂਕਿ ਇਹ ਦੋਵੇਂ ਵਿਦਵਾਨ ਸ਼੍ਰੀ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਦਸ ਗਏ ਹਨ। ਇਨ੍ਹਾਂ ਦੇ ਵਿਚਾਰਾਂ ਦਾ ਹਰ ਅੰਗ ਭੰਗ ਕਰ ਕੇ ਪੇਸ਼ ਕਰਨ ਦੀ ਸੇਵਾ ਡਾ. ਮਾਨ ਕਰ ਰਹੇ ਹਨ, ਇਹ ਅਸਾਂ ਬਿਲਕੁਲ ਸਪਸ਼ਟ ਕਰ ਦਿਤਾ ਹੈ। ਪਰ ਡਾ. ਮਾਨ ਮ੍ਰਿਤ ਵਿਅਕਤੀਆਂ ਦੀ ਪਵਿਤਰ ਆਤਮਾ ਰੂਪ ਸਾਹਿਤਿਕ ਕ੍ਰਿਤੀਆਂ ਨਾਲ ਜੋ ਖਿਲਵਾੜ ਕਰ ਰਹੇ ਹਨ, ਉਸ ਦਾ ਇਕ ਹੋਰ ਪ੍ਰਮਾਣ ਪਾਠਕਾਂ ਸਾਹਮਣੇ ਪ੍ਰਸਤੁਤ ਹੈ। ਗਿਆਨੀ ਗਿਆਨ ਸਿੰਘ ਦਸਵੇਂ ਗੁਰੂ ਜੀ ਦੇ ਗ੍ਰੰਥ ਦਾ ਜ਼ਿਕਰ ਕਰਦਿਆਂ ਲਿਖਦੇ ਹਨ-

ਅਸਲ ਦਸਮ ਗੁਰ ਵਾਲਾ ਗ੍ਰੰਥ। ਰਹਿਤ ਬ੍ਰਿਧ ਦਲ ਮੈ ਮਧ ਪੰਥ।
ਘਲੂਘਾਰਾ ਜਬ ਵਡ ਭਯੋ। ਗ੍ਰੰਥ ਦੁਰਾਨੀ ਸੋ ਲੀਉ।

ਡਾ. ਮਾਨ ਇਨ੍ਹਾਂ ਪੰਕਤੀਆਂ ਵਿਚ ਵਰਣਿਤ 'ਦਸਮ ਗੁਰੂ ਵਾਲਾ ਗ੍ਰੰਥ' ਆਦਿ ਗ੍ਰੰਥ ਜੀ ਨੂੰ ਦਰਸਾਉਂਦਿਆਂ ਲਿਖਦੇ ਹਨ "ਸਹੀ ਸ਼ਬਦਾਂ ਵਿਚ ਦਸਮੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਦਮਦਮੇ ਸਾਹਿਬ ਵਿਚ ਠਹਿਰਨ ਦੇ ਸਮੇਂ ਉਹਨਾਂ ਦੇ ਆਦੇਸ਼ ਅਨੁਸਾਰ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਅੰਕਿਤ ਕੀਤੀ ਜਾਣ ਵਾਲੀ ਬੀੜ, ਜਿਸ ਨੂੰ ਉਹਨਾਂ ਨੇ ਜੋਤੀ-ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ (ਸੰਨ 1708 ਵਿਚ) ਗੁਰਗੱਦੀ ਸੌਂਪੀ, ਦਸਮ ਗ੍ਰੰਥ ਆਖੀ ਜਾ ਸਕਦੀ ਹੈ।" ਪਾਠਕ ਗਿਆਨੀ ਗਿਆਨ ਸਿੰਘ ਦੀ ਲਿਖਿਤ ਨੂੰ ਧਿਆਨ ਨਾਲ ਵੇਖਣ ਕਿਵੇ ਉਨ੍ਹਾਂ ਦਸਮ ਗੁਰੂ ਵਾਲੇ ਗ੍ਰੰਥ ਸੰਬੰਧੀ ਸਪਸ਼ਟ ਉਲੇਖ ਕੀਤਾ ਹੈ-

ਆਦ ਗ੍ਰੰਥ ਗੁਰ ਦਸਮ ਕੀ ਕਥਾ ਜਥਾਰਥ ਗਾਇ।
ਸੁਨੋ ਗ੍ਰੰਥ ਗੁਰ ਦਸਮ ਕੀ ਬੀੜ ਭਈ ਜਿਸ ਭਾਇ। (੧੯)
ਜੋ ਅਬ ਗ੍ਰੰਥ ਦਸਮ ਗੁਰ ਕੇਰਾ। ਕਹਿਲਾਵਤ ਮੱਧ ਪੰਥ ਵਡੇਰਾ।
ਗੁਰ ਕੇ ਸਮੇਂ ਬੀੜ ਨਹਿ ਤਾਂ ਕੀ। ਭਈ ਬਾਣੀਆਂ ਰਹੀ ਇਕਾਂਕੀ।
ਅਨਿਕ ਠੌਰ ਪੋਥੀਆਂ ਮਾਹਿ। ਬਾਣੀ ਰਹੀ ਦਸਮ ਗੁਰ ਵਾਹਿ।
ਬਲਕਿ ਇਕ ਥਿਰ ਸਿੰਘਨ ਬਖਯਾਤ। ਗੁਰ ਢਿੱਗ ਬਿਨੇ ਕਰੀ ਇਸ ਭਾਂਤ।
ਹੇ ਸਤਿਗੁਰ ਜੋ ਤੁਮਰੀ ਬਾਨੀ ਚਹੀਏ ਇਕ ਠਾਂ ਬੀੜ ਬਨਾਨੀ।
ਆਦਿ ਗ੍ਰੰਥ ਸਾਹਿਬ ਸਮ ਗ੍ਰੰਥ। ਇਹ ਭੀ ਬਨ ਹੈ ਮਾਨੇ ਪੰਥ।
ਇਹ ਸੁਣ ਦਸਮੇਂ ਗੁਰੂ ਉਚਾਰੀ। ਗੁਰੂ ਅਰਜੁਨ ਬਡ ਭਏ ਉਪਕਾਰੀ।
ਤਿਨ ਕੀ ਨਹਿ ਬਰਾਬਰੀ ਚਹੀਏ। ਨਾ ਹਮ ਕਰੈਂ ਨਾ ਤੁਮ ਫਿਰ ਕਹੀਏ।

ਗਿ: ਗਿਆਨ ਸਿੰਘ, ਪੰਥ ਪ੍ਰਕਾਸ਼, ਨਿਵਾਸ ੩੬, ੧੯

ਡਾ. ਮਾਨ ਦੀ ਅਕਾਦਮਿਕਤਾ ਤੋਂ ਸਦਕੇ ਜਾਣਾ ਬਣਦਾ ਹੈ। ਜਿਸ ਗ੍ਰੰਥ ਵਿਚ ਸ਼੍ਰੀ ਗੁਰੂ ਜੀ ਦਾ ਇਕ ਪਦ ਵੀ ਨਹੀਂ, ਉਹ ਤਾਂ ਹੋ ਗਿਆ ਦਸਵੇਂ ਪਾਤਸ਼ਾਹ ਦਾ ਗ੍ਰੰਥ ਅਤੇ ਜਿਸ ਗ੍ਰੰਥ ਵਿਚ ਸ਼੍ਰੀ ਗੁਰੂ ਜੀ ਦੀ ਆਪਣੀ ਬਾਣੀ ਸੰਗ੍ਰਹਿਤ ਹੈ, ਉਸ ਨੂੰ ਦਸਵੇਂ ਪਾਤਸਾਹ ਦਾ ਗ੍ਰੰਥ ਮੰਨਣ ਤੋਂ ਮਾਨ ਸਾਹਿਬ ਦਾ ਕੋਰਾ ਇਨਕਾਰ। ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਉਪਰੋਕਤ ਪੰਕਤੀਆਂ ਡਾ. ਮਾਨ ਨੇ ਆਪਣੇ ਲੇਖ ਵਿਚ ਵਰਤੀਆਂ ਹਨ। ਇਨ੍ਹਾਂ ਵਿਚ ਬਹੁਤ ਸਪਸ਼ਟ ਦਸਿਆ ਹੈ ਕਿ-

> "ਹੇ ਗੁਰਸਿਖੋ ! ਦਸਮ ਗੁਰੂ ਦੇ ਗ੍ਰੰਥ ਦੀ ਬੀੜ ਜਿਸ ਪ੍ਰਕਾਰ ਹੋਂਦ ਵਿਚ ਆਈ, ਉਹ ਵੀ ਸੁਣ ਲਓ। ਇਸ ਸਮੇਂ ਜੋ ਗ੍ਰੰਥ ਦਸਮ ਗੁਰੂ ਜੀ ਦਾ ਕਿਹਾ ਜਾਂਦਾ ਹੈ ਅਤੇ ਜਿਸ ਨੂੰ ਪੰਥ ਵਿਚ ਬਹੁਤ ਸਨਮਾਨ ਹਾਸਿਲ ਹੈ, ਉਸ ਦੀ ਜਦੋਂ ਅਜੇ ਬੀੜ ਤਿਆਰ ਨਹੀਂ ਸੀ ਹੋਈ, ਉਸ ਸਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀਆਂ ਪੋਥੀਆਂ ਸਿਖਾਂ ਵਿਚ ਪ੍ਰਚਲਿਤ ਸਨ। ਇਹ ਬਾਣੀਆਂ ਵਖ-ਵਖ ਸੰਚਿਆਂ ਵਿਚ ਵਖ-ਵਖ ਥਾਂਵਾਂ ਤੇ ਸਨ। ਇਕ ਦਿਨ ਸਿਖਾਂ ਨੇ ਬੇਨਤੀ ਕੀਤੀ 'ਹੇ ਸਚੇ ਪਾਤਸ਼ਾਹ ਤੁਹਾਡੀ ਬਾਣੀ ਜੇ ਸੰਕਲਿਤ ਕਰੀਏ ਤਾਂ ਇਹ ਆਦਿ ਗ੍ਰੰਥ ਜਿਤਨੇ ਆਕਾਰ ਦਾ ਗ੍ਰੰਥ ਬਣ ਜਾਂਦਾ ਹੈ। ਪੰਥ ਵਿਚ ਇਸ ਦੀ ਭੀ ਬਹੁਤ ਮਾਨਤਾ ਹੋਵੇਗੀ।' ਗੁਰੂ ਜੀ ਨੇ ਕਿਹਾ 'ਨਾ ਮੈਂ ਗੁਰੂ ਅਰਜਨ ਦੇਵ ਜੀ ਦੀ ਬਰਾਬਰੀ ਕਰਨੀ ਹੈ, ਨਾ ਤੁਸੀਂ ਪਰਤ ਕੇ ਕਹਿਣਾ।"

ਅਸਲ ਵਿਚ ਸਿਖਾਂ ਦੀ ਗੁਰੂ ਜੀ ਅਗੇ ਬੇਨਤੀ ਸੀ ਕਿ ਸਾਰੀ ਬਾਣੀ ਆਦਿ ਗ੍ਰੰਥ ਵਿਚ ਸੰਕਲਿਤ ਕਰ ਲਈ ਜਾਵੇ, ਜੋ ਗੁਰੂ ਜੀ ਨੇ ਠੁਕਰਾ ਦਿਤੀ, ਕਿਉਂਕਿ ਦੋਹਾਂ ਗ੍ਰੰਥਾਂ ਦੀਆਂ ਬਾਣੀਆਂ ਵਿਚ ਕੁਝ ਬੁਨਿਆਦੀ ਅੰਤਰ ਹਨ। ਇਸ ਬਾਣੀ ਨੂੰ ਗੁਰੂ ਜੀ ਨੇ ਆਪਣੀ ਖੇਡ ਦਸਿਆ ਸੀ ਅਤੇ ਦੋਹਾਂ ਦੀ ਬਾਣੀ ਨੂੰ ਇਕੋ ਗ੍ਰੰਥ ਵਿਚ ਰਖਣ ਤੋਂ ਇਨਕਾਰ ਕੀਤਾ ਸੀ, ਆਪਣੀ ਬਾਣੀ ਨੂੰ ਇਕੱਤਰ ਕਰਨ ਤੋਂ ਉਨ੍ਹਾਂ ਕਿਸੇ ਨੂੰ ਨਹੀਂ ਰੋਕਿਆ। ਗਿ. ਗਿਆਨ ਸਿੰਘ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਭਾਈ ਕੇਸਰ ਸਿੰਘ ਜੀ ਦੀ ਲਿਖਿਤ ਤੋਂ ਵੀ ਹੋ ਜਾਂਦੀ ਹੈ-

ਸਿਖਾਂ ਕੀਤੀ ਅਰਦਾਸ ਜੀ ਅਗਲੇ ਨਾਲਿ ਚਾਹੀਏ ਰਲਾਇਆ।੨੬੭।
ਬਚਨ ਕੀਤਾ ਹੈ ਗ੍ਰੰਥ ਸਾਹਿਬ ਹੈ ਉਹ, ਏਹ ਅਸਾਡੀ ਖੇਡ ਹੈ।
ਨਾਲ ਨ ਮਿਲਾਇਆ ਆਹਾ ਪਿਆਰਾ ਕਉਨ ਜਾਣੈ ਭੇਦ।... ੨੬੮

ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਚਰਣ 14

ਉਕਤ ਪਦਾਂ ਵਿਚ ਡਾ. ਜਸਬੀਰ ਸਿੰਘ 'ਮਾਨ' ਦੇ ਪ੍ਰਮਾਣਿਕ ਅਤੇ ਪ੍ਰਿਯ ਸਿਖ ਲੇਖਕ ਗਿਆਨੀ ਗਿਆਨ ਸਿੰਘ ਨੇ ਹੇਠ ਲਿਖੀਆਂ ਗੱਲਾਂ ਸਪਸ਼ਟ ਤੌਰ ਤੇ ਕਹੀਆਂ ਹਨ–

1. **ਦਸਵੇਂ ਪਾਤਸ਼ਾਹ ਦੀ ਬਾਣੀ ਵਾਲਾ ਗ੍ਰੰਥ 'ਦਸਮ ਗੁਰੂ ਜੀ ਵਾਲਾ ਗ੍ਰੰਥ' ਹੈ। ਪ੍ਰਮਾਣ ਵਾਸਤੇ ਵੇਖੋ–** ਸੁਨੋ ਗ੍ਰੰਥ ਗੁਰ ਦਸਮ ਕੀ ਬੀੜ ਭਈ ਜਿਸ ਭਾਇ, ਜੋ ਅਬ ਗ੍ਰੰਥ ਦਸਮ ਗੁਰ ਕੇਰਾ। ਜਿਥੇ ਦਸਮ ਗੁਰੂ ਦੁਆਰਾ ਸੰਪਾਦਿਤ 'ਆਦਿ ਗ੍ਰੰਥ' ਦਾ ਵਰਣਨ ਹੈ, ਉਥੇ 'ਆਦਿ ਗ੍ਰੰਥ' ਲਿਖਕੇ ਨਿਖੇੜਾ ਕਰ ਦਿਤਾ ਹੈ। ਸੋ ਡਾ. ਮਾਨ ਦੀ ਇਹ ਸਥਾਪਨਾ ਕਿ ਅਸਲ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਜੀ ਵਾਲਾ ਆਦਿ ਗ੍ਰੰਥ ਹੈ, ਸਰਵਥਾ ਨਿਰਮੂਲ ਅਤੇ ਅਨੁਚਿਤ ਮਾਨਤਾ ਹੈ।
2. **ਗਿਆਨੀ ਗਿਆਨ ਸਿੰਘ ਇਹ ਵੀ ਦਸਦੇ ਹਨ ਕਿ ਸ਼੍ਰੀ ਦਸਮ ਗ੍ਰੰਥ ਦੀ ਪੰਥ ਵਿਚ ਬਹੁਤ ਮਹਾਨਤਾ ਹੈ, ਯਥਾ–** ਕਹਿਲਾਵਤ ਮੱਧ ਪੰਥ ਵਡੇਰਾ। ਜਿਸ ਗ੍ਰੰਥ ਦੀ ਪੰਥ ਵਿਚ ਇਤਨੀ ਮਾਨਤਾ ਰਹੀ ਹੈ, ਉਸ ਦੀ ਨਿੰਦਾ ਅਤੇ ਬੇਅਦਬੀ ਦਾ ਸਾਰਾ ਬੋਝ ਡਾ. ਮਾਨ ਨੇ ਆਪਣੇ ਮੋਢਿਆਂ ਤੇ ਕਿਉਂ ਲਿਆ ਹੈ ? ਕੀ ਉਹ ਸਾਰੇ ਪੰਥ ਤੋਂ ਉਚੇ ਹਨ ਜਾਂ ਗਿਆਨੀ ਗਿਆਨ ਸਿੰਘ ਵਰਗਾ ਪ੍ਰਬੁਧ ਅਤੇ ਨਿਰਛਲ ਲੇਖਕ ਝੂਠਾ ਹੈ ?
3. ਗਿਆਨੀ ਗਿਆਨ ਸਿੰਘ ਅਨੁਸਾਰ ਸਿਖਾਂ ਨੇ ਸ਼੍ਰੀ ਗੁਰੂ ਜੀ ਨੂੰ ਕਿਹਾ ਸੀ ਕਿ ਤੁਹਾਡੀ ਸਾਰੀ ਬਾਣੀ ਦਾ ਆਕਾਰ ਆਦਿ ਗ੍ਰੰਥ ਜਿਤਨਾ ਹੈ, ਯਥਾ– ਆਦਿ ਗ੍ਰੰਥ ਸਾਹਿਬ ਸਮ ਗ੍ਰੰਥ। ਇਹ ਭੀ ਬਨ ਹੈ ਮਾਨੇ ਪੰਥ। ਗਿਆਨੀ ਗਿਆਨ ਸਿੰਘ ਦੇ ਕਥਨਾਂ ਨੂੰ ਪ੍ਰਮਾਣਿਕ ਮੰਨਣ ਵਾਲੇ ਡਾ. ਮਾਨ ਜ਼ਰਾ ਦਸਣ ਕਿ ਗਿਆਨ ਪ੍ਰਬੋਧ, ਬਚਿਤ੍ਰ ਨਾਟਕ, ਸ਼ਸਤ੍ਰਨਾਮਮਾਲਾ, ਚੰਡੀ ਚਰਿਤ੍ਰ, ਚਰਿਤਰੋਪਾਖਯਾਨ, ਹਕਾਇਤਾਂ ਆਦਿ ਹਟਾ ਕੇ ਜਾਪੁ ਸਾਹਿਬ, ਅਧੂਰੀ ਅਕਾਲ ਉਸਤਤਿ ਅਤੇ ਕੁਝ ਹੋਰ ਸ਼ਬਦ ਸੰਚਿਤ ਕੀਤਿਆਂ 'ਆਦਿ ਗ੍ਰੰਥ ਸਮ' ਗ੍ਰੰਥ ਕਿਵੇਂ ਤਿਆਰ ਹੋ ਸਕਦਾ ਹੈ ? ਜਾਂ ਵਿਦਿਆ–ਪ੍ਰਬੀਨ ਮਾਨ ਸਾਹਿਬ ਉਨ੍ਹਾਂ ਨਵੀਨ ਬਾਣੀਆਂ, ਜੋ ਪੰਥ ਦੀ ਨਜ਼ਰ ਵਿਚ ਅਜੇ ਤਕ ਨਹੀਂ ਆਈਆਂ, ਉਨ੍ਹਾਂ ਦਾ ਨਾਮ–ਥਾਂਵ ਦਸ ਦੇਣ, ਜਿਨ੍ਹਾਂ ਨੂੰ ਸੰਮਿਲਿਤ ਕਰ ਕੇ 'ਆਦਿ ਗ੍ਰੰਥ ਸਮ' ਇਕ ਨਵੀਨ ਦਸਮ ਗ੍ਰੰਥ ਤਿਆਰ ਕੀਤਾ ਜਾ ਸਕਦਾ ਹੈ।

6. ਡਾ. ਮਾਨ ਕਹਿੰਦੇ ਹਨ ਕਿ ਡਾ. ਬਲਬੀਰ ਸਿੰਘ ਜੀ ਸ਼੍ਰੀ ਦਸਮ ਗ੍ਰੰਥ ਨੂੰ ਪ੍ਰਮਾਣਿਕ ਨਹੀਂ ਸੀ ਮੰਨਦੇ ਅਤੇ ਮੈਂ (ਹਰਭਜਨ ਸਿੰਘ) ਕੇਂਦਰ ਮੁਖੀ ਹੁੰਦਿਆਂ ਉਨ੍ਹਾਂ ਦੇ ਵਿਚਾਰਾਂ ਦਾ ਅਨੁਸਰਣ ਨਾ ਕਰਨ ਦਾ ਦੋਸ਼ੀ ਹਾਂ। ਆਪਣਾ ਪਖ ਪੂਰਨ ਵਾਸਤੇ ਉਹ ਡਾ. ਬਲਬੀਰ ਸਿੰਘ ਦੀਆਂ ਇਹ ਪੰਕਤੀਆਂ ਪ੍ਰਸਤੁਤ ਕਰਦੇ ਹਨ– Dr. Balbir Singh after reviewing this published granth by sodhak committee, so called Mani Singh Bir and Anandpuri Bir/Hazuri dasam granth Bir concludes "Still detailed Inquiry and research needs to be done on Dasam Granth enlightening all aspects and great efforts must be made to do so". ਅਰਥਾਤ ਸੋਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਕੀਤੇ ਗ੍ਰੰਥ ਉਤੇ ਟਿਪਣੀ ਕਰਦਿਆਂ ਡਾ. ਬਲਬੀਰ ਸਿੰਘ ਨੇ ਮਨੀ ਸਿੰਘ ਵਾਲੀ ਅਖੌਤੀ ਬੀੜ ਅਤੇ ਆਨੰਦਪੁਰੀ ਬੀੜ/ਹਜ਼ੂਰੀ ਦਸਮ ਗ੍ਰੰਥ ਬੀੜ ਬਾਰੇ ਕਿਹਾ ਹੈ "ਦਸਮ ਗ੍ਰੰਥ ਦੇ ਸਾਰੇ ਪਖਾਂ ਉਤੇ ਰੌਸ਼ਨੀ ਪਾਉਣ ਵਾਸਤੇ ਹੋਰ ਵਿਸਤ੍ਰਿਤ ਪੜਤਾਲ ਅਤੇ ਖੋਜ ਹੋਣੀ ਚਾਹੀਦੀ ਹੈ ਅਤੇ ਅਜਿਹਾ ਕਰਨ ਲਈ ਇਸ ਤਰਫ਼ ਵਿਸ਼ੇਸ਼ ਉਪਰਾਲੇ ਹੋਣੇ ਜ਼ਰੂਰੀ ਹਨ।" ਪਾਠਕ–ਜਨ ਵੇਖ ਸਕਦੇ ਹਨ ਕਿ ਡਾ. ਬਲਬੀਰ ਸਿੰਘ ਦੇ ਇਨ੍ਹਾਂ ਸ਼ਬਦਾਂ ਵਿਚ ਸ਼੍ਰੀ ਦਸਮ ਗ੍ਰੰਥ ਉਤੇ ਹੋਰ ਖੋਜ ਕਰਨ ਦੀ ਪ੍ਰੇਰਨਾ ਤਾਂ ਹੈ, ਇਸ ਗ੍ਰੰਥ ਦੀ ਪ੍ਰਮਾਣਿਕਤਾ ਉਤੇ ਰੰਚਕ ਮਾਤ੍ਰ ਭੀ ਸੰਦੇਹ ਨਹੀਂ ਪ੍ਰਗਟ ਕੀਤਾ। ਵਾਸਤਵ ਵਿਚ ਡਾ. ਸਾਹਿਬ ਦੇ ਪ੍ਰੇਰਨਾ–ਮੂਲ ਵਡੇ ਭਰਾਤਾ ਭਾਈ ਵੀਰ ਸਿੰਘ ਜੀ ਉਹ ਵਿਅਕਤੀ ਹਨ, ਜਿਨ੍ਹਾਂ ਨੇ ਬਚਿਤ੍ਰ ਨਾਟਕ ਦੇ ਆਧਾਰ ਤੇ ਹੇਮ ਕੁੰਟ ਦੀ ਖੋਜ ਲਈ ਵਡੇ ਉਪਰਾਲੇ ਕੀਤੇ ਸਨ। ਦੇਹਰਾਦੂਨ ਵਿਖੇ ਸਥਿਤ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਚ ਅਜ ਵੀ ਉਨ੍ਹਾਂ ਦੇ ਉਚੇਚ ਨਾਲ ਤਿਆਰ ਕੀਤਾ ਹੇਮਕੁੰਟ ਦਾ ਚਿਤ੍ਰ ਮੌਜੂਦ ਹੈ। ਉਨ੍ਹਾਂ ਨੂੰ ਸ਼੍ਰੀ ਦਸ਼ਮੇਸ਼ ਜੀ ਦੀ ਬਾਣੀ ਉਤੇ ਰਤਾ ਭਰ ਵੀ ਸੰਦੇਹ ਨਹੀਂ ਸੀ। ਉਸੇ ਪਰੰਪਰਾ ਦਾ ਅਨੁਸਰਣ ਕਰਨਾ ਮੇਰਾ ਵਡਾ ਨੈਤਿਕ ਫ਼ਰਜ਼ ਹੈ। ਸਾਨੂੰ ਅਫਸੋਸ ਨਾਲ ਵਾਰ–ਵਾਰ ਕਹਿਣਾ ਪੈ ਰਿਹਾ ਹੈ ਕਿ ਡਾ. ਜਸਬੀਰ ਸਿੰਘ 'ਮਾਨ' ਕਿਸੇ ਵਿਅਕਤੀ ਦੇ ਵਿਚਾਰਾਂ ਨੂੰ ਤੋੜ ਲੈਣ, ਮਰੋੜ ਲੈਣ, ਕਿਸੇ ਦੇ ਵਾਕਾਂ ਵਿਚ ਆਪਣੇ ਵਾਕ–ਅੰਸ਼ਾਂ ਦੀ ਮਿਲਾਵਟ ਦੁਆਰਾ ਉਸ ਦੀ ਦਿਸ਼ਾ ਵਿਗਾੜ ਕੇ ਪਾਠਕਾਂ ਨਾਲ ਛਲ ਕਰਨ ਤੋਂ ਰਤਾ ਵੀ ਸੰਕੋਚ ਨਹੀਂ ਵਰਤਦੇ। ਕਨਿੰਘਮ ਦੀ ਲਿਖਿਤ ਦੇ ਸੰਬੰਧ ਵਿਚ ਇਸ ਦਾ ਪ੍ਰਮਾਣ ਅਸਾਂ ਆਰੰਭ ਵਿਚ ਹੀ ਪਾਠਕਾਂ ਸਾਹਮਣੇ ਰਖ ਦਿਤਾ ਸੀ। ਧੜੇਬੰਦੀ ਦੇ ਆਧਾਰ ਤੇ ਸਫ਼ ਨਿਸ਼ਚਿਤ ਕਰ ਕੇ ਖੜੋਤੇ ਲੋਕ ਪਥਰ ਵਾਂਗ ਜੜ੍ਹ ਹੋ ਜਾਂਦੇ ਹਨ, ਜਿਨ੍ਹਾਂ ਦੀ ਸੰਕੁਚਿਤ ਮਾਨਸਿਕ ਨਿਸ਼ਚਲਤਾ ਨੂੰ ਕੋਈ ਗਿਆਨ, ਕੋਈ ਵਿਦਿਆ, ਕੋਈ ਪ੍ਰਮਾਣ, ਕੋਈ ਯੁਕਤੀ ਗਤੀਮਾਨ ਨਹੀਂ ਕਰ ਸਕਦੀ, ਪਰ ਵਿਦਿਆ ਅਤੇ ਗਿਆਨ–ਅਭਿਲਾਸ਼ੀ ਪਾਠਕ ਇਹ ਜਾਣ ਕੇ ਜ਼ਰੂਰ ਹੈਰਾਨ ਹੋਣਗੇ ਕਿ ਜਿਸ ਡਾ. ਬਲਬੀਰ ਸਿੰਘ ਜੀ ਨੂੰ ਡਾ. ਮਾਨ ਸ਼੍ਰੀ ਦਸਮ ਗ੍ਰੰਥ ਦਾ ਵਿਰੋਧੀ ਸਿਧ ਕਰ ਰਹੇ ਹਨ, ਉਹ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਕੀਤੀ ਭਗਵੰਤ ਸਿੰਘ ਹਰੀ ਜੀ ਦੀ ਪੁਸਤਕ 'ਦਸਮ ਗ੍ਰੰਥ ਤੁਕ–ਤਤਕਰਾ' ਦੀ ਭੂਮਿਕਾ ਵਿਚ ਲਿਖਦੇ ਹਨ–

"ਗੁਰੂ ਗੋਬਿੰਦ ਸਿੰਘ ਜੀ ਦੀ ਨਿਜ ਲਿਖਤ ਜਿਸ ਬੀੜ ਵਿਚ ਮੌਜੂਦ ਹੈ, ਉਸ ਦਾ ਪ੍ਰਚਲਤ ਨਾਮ 'ਦਸਮ ਗ੍ਰੰਥ' ਹੈ। …………ਹੁਣ ਵਕਤ ਆ ਰਿਹਾ ਹੈ ਕਿ ਦਸਮ ਗ੍ਰੰਥ ਦੇ ਸਾਹਿਤ ਦਾ ਪ੍ਰਭਾਵ ਫਿਰ ਮਹਸੂਸ ਕੀਤਾ ਜਾਵੇ। ਜਿਸ ਉਦੇਸ਼ ਨੂੰ ਲੈ ਕੇ ਗੁਰੂ ਜੀ ਨੇ ਸਾਹਿਤ ਰਚਨਾ ਕੀਤੀ ਸੀ, ਉਸ ਨੂੰ ਮੁੜ ਸੁਰਜੀਤ ਕੀਤਾ ਜਾਵੇ। ਗੁਰੂ ਜੀ ਦਾ ਆਸ਼ਾ ਸੀ ਕਿ ਗਿਰੀ ਹੋਈ ਮਨੁਖ ਸ਼੍ਰੇਣੀ ਨੂੰ ਉਚਾ ਕਰਨ ਲਈ ਬਲਵਾਨ ਸਾਹਿਤ ਦੀ ਲੋੜ ਹੈ।…..ਅਸੀਂ ਜਿਸ ਵੇਲੇ ਦਿਮਾਗੀ ਬਹਿਸ ਵਿਚ ਪੈ ਜਾਂਦੇ ਹਾਂ, ਤਾਂ ਸਾਰ ਵਸਤੂ ਤੋਂ ਉਖੜ ਜਾਂਦੇ ਹਾਂ। ਸਾਨੂੰ ਕੁਛ ਸਬਕ ਪਛਮੀਆਂ ਤੋਂ ਲੈ ਲੈਣਾ ਚਾਹੀਦਾ ਹੈ। ਇੰਗਲੈਂਡ ਵਿਚ ਵੀ ਸ਼ੈਕਸਪੀਅਰ ਦੀ ਹਸਤੀ ਬਾਰੇ ਸ਼ੰਕੇ ਹਨ। ਪਰ ਇਸ ਦੇ ਬਾਵਜੂਦ ਸ਼ੈਕਸਪੀਅਰ ਦੀ ਰਚਨਾ ਦਾ ਪ੍ਰਭਾਵ, ਵੈਸੇ ਦਾ ਵੈਸਾ ਹੀ ਹੈ। ਅਸੀਂ ਜਿਸ ਵੇਲੇ ਧਰਮ ਪੁਸਤਕਾਂ ਸੰਬੰਧੀ ਸੰਦੇਹ ਪ੍ਰਗਟ ਕਰਦੇ ਹਾਂ ਤਾਂ ਸਤਕਾਰ ਦਾ ਸਾਰਾ ਵਾਯੂਮੰਡਲ ਵਿਗਾੜ ਲੈਂਦੇ ਹਾਂ। ਜ਼ਰੂਰਤ ਹੈ ਦਸਮ ਗ੍ਰੰਥ ਦੇ ਉਦੇਸ਼ ਨੂੰ ਸਮਝਣ ਦੀ, ਤੇ ਉਸ ਮੰਤਵ ਨੂੰ ਪ੍ਰਾਪਤ ਕਰਨ

ਲਈ ਹੰਬਲਾ ਮਾਰਨ ਦੀ, ਜਿਸ ਦਾ ਇਖਲਾਕੀ ਟੀਚਾ ਇਸ ਸਾਹਿਤ ਨੇ ਸਾਡੇ ਸਾਮ੍ਹਣੇ ਰਖਿਆ। ਅਸਾਂ ਉਸ ਖਾਰਸ਼ (allergy) ਤੋਂ ਵੀ ਉਚਾ ਉਠਣਾ ਹੈ, ਜੋ ਪੁਰਾਣਾਂ ਦਾ ਨਾਮ ਜਾਂ ਕਥਾ ਕਹਾਣੀਆਂ ਸੁਣਨ ਨਾਲ ਸਾਡੇ ਜਿਸਮ ਉਤੇ ਪੈਦਾ ਕਰ ਦੇਂਦਾ ਹੈ, ਤੇ ਜੋ ਰੋਗ ਅਸਾਂ ਬਾਹਰਲੀ ਛੂਤ ਤੋਂ ਅੰਦਰ ਵਾੜਿਆ। ਗੁਰੂ ਨਾਨਕ ਸਾਹਿਬ ਨੇ ਸਾਨੂੰ ਇਹੋ ਸਿਖਿਆ ਦਿਤੀ ਸੀ :

"ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕ ਇਵ ਏਕ ਤਾਰੇ॥"

ਇਸ ਦਾ ਭਾਵ ਏਹੋ ਹੈ ਕਿ ਅਠਾਰਾਂ ਪੁਰਾਣਾਂ ਨੂੰ ਬੇਸ਼ਕ ਵਾਚੋ, ਉਨ੍ਹਾਂ ਵਿਚੋਂ ਰੂਹਾਨੀਅਤ ਦਾ ਤਤ ਜੋ ਅਪਰੰਪਰ ਹੈ, ਉਸ ਨੂੰ ਪਛਾਣੋ। ਗੁਰੂ ਗੋਬਿੰਦ ਸਿੰਘ ਜੀ ਨੇ ਇਹੋ ਕੀਤਾ ਸੀ। ਉਨ੍ਹਾਂ ਨੇ ਭਾਗਵਤ ਪੁਰਾਣ, ਮਾਰਕੰਡੇ ਪੁਰਾਣ, ਮਹਾਭਾਰਤ, ਉਪਨਿਸ਼ਦ ਆਦਿਕ ਹੋਰ ਗ੍ਰੰਥਾਂ ਦੇ ਪਠਣ ਪਾਠਨ ਕੀਤੇ। ਫੇਰ ਉਨ੍ਹਾਂ ਪੁਸਤਕਾਂ ਦਾ ਪੁਨਰ ਨਿਰਮਾਣ ਕੀਤਾ, ਉਨ੍ਹਾਂ ਨੂੰ ਸਜਾਇਆ, ਸੰਵਾਰਿਆ ਤੇ ਐਸੀ ਫਬਨ ਵਿਚ ਪੇਸ਼ ਕੀਤਾ, ਜਿਸ ਨਾਲ ਇਖਲਾਕੀ ਤੇ ਰੂਹਾਨੀਅਤ ਦਾ ਸਬਲ ਤਤ ਅਸਰਦਾਰ ਹੋ ਜਾਏ।.....ਗੁਰੂ ਗੋਬਿੰਦ ਸਿੰਘ ਵਰਗੀ ਕ੍ਰਾਂਤੀਕਾਰੀ ਹਸਤੀ ਦੀ ਰਚਨਾਂ ਵਿਚ ਕੁਝ ਖਾਸ ਵਿਚਿਤ੍ਰਤਾ ਹੈ।........ਇਸ ਰਚਨਾਂ ਦੀ ਬੁਝੀ ਹੋਈ ਭਸਮ ਵਿਚ ਵੀ ਦੱਬੇ ਹੋਏ ਲਾਲ ਅੰਗਾਰੇ ਹਨ, ਜੋ ਲੋੜ ਸਮੇਂ, ਫਿਰ ਭੜਕ ਸਕਦੇ ਹਨ ਤੇ ਅੰਦੋਲਣ ਦਾ ਕਾਰਜ ਸੰਪੂਰਣਤਾ ਤਕ ਲਿਜਾ ਸਕਦੇ ਹਨ। (ਪੰਨਾ i-vii)" ਮੇਰਾ ਨਿਵੇਦਨ ਹੈ ਕਿ ਵਿਵੇਕੀ ਪਾਠਕ ਜਨ ਸਤਿ-ਅਸਤਿ ਦਾ ਆਪ ਫੈਸਲਾ ਕਰ ਲੈਣ। ਮੇਰੀ ਮਾਨਤਾ ਹੈ ਕਿ ਡਾ. ਬਲਬੀਰ ਸਿੰਘ ਜੀ ਦੀਆਂ ਉਕਤ ਪੰਕਤੀਆਂ ਡਾ. ਮਾਨ ਦੇ ਅਸਤਿ ਦਾ ਪਾਜ ਉਘਾੜਨ ਲਈ ਕਾਫ਼ੀ ਹਨ।

7. ਡਾ. ਮਾਨ ਮੇਰੇ ਸੰਬੰਧੀ ਇਹ ਵਾਰ-ਵਾਰ ਲਿਖ ਰਹੇ ਹਨ ਕਿ ਮੈਂ ਸ਼੍ਰੀ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਵਾਂਗ ਗੁਰੂ-ਰੂਪ ਮੰਨਦਾ ਹਾਂ। ਮੇਰਾ ਨਿਵੇਦਨ ਹੈ ਕਿ ਉਹ ਮੇਰੀ ਇਕ ਵੀ ਪੰਕਤੀ ਪਾਠਕਾਂ ਨਾਲ ਸਾਂਝੀ ਕਰਨ, ਜਿਸ ਵਿਚ ਮੈਂ ਸ਼੍ਰੀ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਤੁਲ ਕਿਹਾ ਹੋਵੇ। ਬਲਕਿ ਮੈਂ ਹੀ ਕੇਵਲ ਅਜਿਹਾ ਵਿਅਕਤੀ ਹਾਂ, ਜਿਸ ਨੇ ਦੋਹਾਂ ਗ੍ਰੰਥਾਂ ਦੀ ਬਾਣੀ ਵਿਚਲੇ ਬੁਨਿਆਦੀ ਅੰਤਰ ਪਾਠਕਾਂ ਸਾਹਮਣੇ ਰਖੇ ਹਨ। ਮੇਰਾ ਇਹ ਪਕਾ ਯਕੀਨ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਹੈ, ਜੋ ਹਰ ਪ੍ਰਾਣੀ-ਮਾਤ੍ਰ ਨੂੰ ਸਤਿਵਾਦੀ ਗੁਣਾਂ ਵਾਲਾ ਸੰਤ ਬਣਾਉਂਦੀ ਹੈ, ਜਦੋਂ ਕਿ ਸ਼੍ਰੀ ਦਸਮ ਗ੍ਰੰਥ ਦੀ ਬਾਣੀ ਕੌਮੀਅਤ ਦੇ ਭਾਵਾਂ ਨੂੰ ਪੁਸ਼ਟ ਕਰ ਕੇ ਜੁਝਾਰੂ ਪ੍ਰਵਿਰਤੀਆਂ ਦਾ ਉਥਾਨ ਕਰਦੀ ਹੈ।

ਡਾ. ਮਾਨ 6 ਜੂਨ 2008 ਦੇ ਸ਼੍ਰੀ ਅਕਾਲ ਤਖ਼ਤ ਵਲੋਂ ਜਾਰੀ ਹੋਏ ਹੁਕਮਨਾਮੇ ਨੂੰ ਝੂਠੋ-ਝੂਠ ਸ਼੍ਰੀ ਦਸਮ ਗ੍ਰੰਥ ਵਿਰੁਧ ਵਰਤਦੇ ਹਨ। ਹਾਲਾਕਿ ਇਸ ਵਿਚ ਸ਼੍ਰੀ ਦਸਮ ਗ੍ਰੰਥ ਦੀ ਵਿਰੋਧਤਾ ਕਰਨ ਨੂੰ ਬੇਲੋੜਾ ਕਿਹਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਖਾਂ ਦਾ ਗੁਰੂ ਕਿਹਾ ਹੈ ਅਤੇ ਸਾਰੇ ਸ਼੍ਰੀ ਦਸਮ ਗ੍ਰੰਥ ਨੂੰ ਸਿਖ ਸਾਹਿਤ ਦਾ ਅਨਿਖੜ ਅੰਗ ਦਸਿਆ ਹੈ। ਇਹ ਹੁਕਮਨਾਮਾ ਕਿਵੇਂ ਸ਼੍ਰੀ ਦਸਮ ਗ੍ਰੰਥ ਦੇ ਵਿਰੁਧ ਹੈ, ਇਹ ਸਿਰਫ਼ ਮਾਨ ਸਾਹਿਬ ਹੀ ਦਸ ਸਕਦੇ ਹਨ। ਪਾਠਕਾਂ ਦੀ ਜਾਣਕਾਰੀ ਵਾਸਤੇ ਇਹ ਹੁਕਮਨਾਮਾ ਹੂ-ਬ-ਹੂ ਪ੍ਰਸਤੁਤ ਹੈ-



ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਅ:3/08/3143. ਮਿਤੀ 6-6-08

ਅੱਜ ਮਿਤੀ ੨੩ ਜੇਠ ਸੰਮਤ ਨਾਨਕਸ਼ਾਹੀ ੫੪੦ (੦੬ ਜੂਨ ੨੦੦੮) ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਵਿਚ ਪ੍ਰਵਾਨ ਕੀਤਾ ਗਿਆ

ਗੁਰਮਤਾ - ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਦਿਵਸ ਸਮੁੱਚੇ ਸਿੱਖ ਪੰਥ ਲਈ **"ਗੁਰੂ ਗਰੰਥ-ਗੁਰੂ ਪੰਥ"** ਦੇ ਸਿਧਾਂਤ ਪ੍ਰਤੀ ਵਚਨਬੱਧਤਾ ਪ੍ਰਗਟਾਉਣ ਦਾ ਸੁਨਹਿਰੀ ਮੌਕਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ **"ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਉ ਗ੍ਰੰਥ"** 'ਤੇ ਸਿੱਖ ਪੰਥ ਅਮਲ ਕਰਦਿਆਂ ਹੋਇਆਂ ਹਮੇਸ਼ਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਜਾਗਤਿ ਜੋਤਿ ਸਤਿਗੁਰੂ ਸਵੀਕਾਰ ਕੇ ਦ੍ਰਿੜ੍ਹਤਾ ਸਹਿਤ ਪਹਿਰਾ ਦਿੰਦਾ ਆਇਆ ਹੈ। ਸਿੱਖ ਪੰਥ ਨੇ ਹਰ ਕੌਮੀ ਸੰਕਟ ਦੀ ਨਿਵ੍ਰਤੀ ਲਈ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਨੁਮਾਈ ਗ੍ਰਹਿਣ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਬੰਧੀ ਖੜਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ। ਸਿੱਖ ਪੰਥ ਵਲੋਂ ਦਸਮ ਗ੍ਰੰਥ ਦੀਆਂ ਜਿਨ੍ਹਾ ਰਚਨਾਵਾਂ ਨੂੰ ਸਿੱਖ ਰਹਿਤ ਮਰਯਾਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁੱਕਾ ਹੈ, ਉਨ੍ਹਾ ਬਾਰੇ ਕਿਸੇ ਨੂੰ ਵੀ ਵਾਦ-ਵਿਵਾਦ ਖੜਾ ਕਰਨ ਦਾ ਕੋਈ ਅਧਿਕਾਰ ਨਹੀ। ਸਮੁੱਚੇ ਸਿੱਖ ਪੰਥ ਨੂੰ ਵਿਦਿਤ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਿੱਖ ਪੰਥ ਦੇ ਸਾਹਿਤ ਅਤੇ ਇਤਿਹਾਸ ਦਾ ਅਨਿਖੜਵਾਂ ਅੰਗ ਹੈ, ਪਰ ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀ ਕੀਤਾ ਜਾ ਸਕਦਾ।

ਜੋਗਿੰਦਰ ਸਿੰਘ
(ਜੋਗਿੰਦਰ ਸਿੰਘ)
ਜਥੇਦਾਰ

ਫ਼ੋਨ/ਫੈਕਸ ਦਫਤਰ : 91-183-2540820, ਪੀ.ਬੀ.ਐਕਸ : 91-183-2553957, 58, 59 ਐਕਸਟੈਨਸ਼ਨ : ਦਫਤਰ 434

ਪਾਠਕ ਆਪ ਵੇਖ ਲੈਣ ਕਿ ਪਾਵਨ ਤਖ਼ਤ ਸਾਹਿਬ ਦਾ ਇਹ ਫ਼ਰਮਾਨ ਸ਼੍ਰੀ ਦਸਮ ਗ੍ਰੰਥ ਦੇ ਵਿਰੋਧ ਨੂੰ ਬੇਲੋੜਾ ਦਸ ਕੇ ਰੋਕਣ ਦਾ ਸੰਦੇਸ਼ ਦੇ ਰਿਹਾ ਹੈ ਅਤੇ ਸ਼੍ਰੀ ਦਸਮ ਗ੍ਰੰਥ ਨੂੰ ਸਿਖ ਪੰਥ ਦਾ ਇਤਿਹਾਸਿਕ ਅਤੇ ਸਾਹਿਤਿਕ ਗ੍ਰੰਥ ਪ੍ਰਮਾਣਿਤ ਕਰਦਾ ਹੈ। ਪਰ ਡਾ. ਮਾਨ ਇਸ ਹੁਕਮਨਾਮੇ ਦੇ ਮਨਮਾਨੇ ਅਰਥ ਬਣਾ ਕੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਰਤਾ ਭਰ ਹਿਚਕ ਮਹਿਸੂਸ ਨਹੀਂ ਕਰਦੇ।

8. ਡਾ. ਮਾਨ ਤਥਾਂ ਨੂੰ ਤੋੜਨ ਦੀ ਅਮੋੜ ਆਦਤ ਦਾ ਸ਼ਿਕਾਰ ਹੋ ਕੇ ਲਿਖਦੇ ਹਨ "But on page 104 (Harbhajan) writes that ladies should not read or discuss 2nd part of chritropakhyan which contains 401 charitars" (charitar 2nd – chritar 403). Only authorized Persons (ਅਧਿਕਾਰ-ਪ੍ਰਾਪਤ ਵਿਅਕਤੀ) [2] shoud read it to ladies. ਅਰਥਾਤ ਆਪਣੀ ਪੁਸਤਕ ਦੇ ਪੰਨਾ 104 ਤੇ ਡਾ. ਹਰਭਜਨ ਸਿੰਘ ਲਿਖਦਾ ਹੈ ਕਿ 401 ਚਰਿਤ੍ਰਾਂ ਵਾਲੇ ਚਰਿਤ੍ਰੋਪਾਖਿਆਨ ਦੇ ਦੂਜੇ ਭਾਗ ਦਾ ਪਾਠ ਇਸਤ੍ਰੀਆਂ ਨੂੰ ਨਹੀਂ ਕਰਨਾ ਚਾਹੀਦਾ। ਕੇਵਲ ਅਧਿਕਾਰ-ਪ੍ਰਾਪਤ ਵਿਅਕਤੀਆਂ ਨੂੰ ਇਸਤ੍ਰੀਆਂ ਸਾਹਮਣੇ ਪੜ੍ਹਨਾ ਚਾਹੀਦਾ ਹੈ। ਜ਼ਰਾ ਪਾਠਕ ਮੇਰੇ ਠੀਕ ਸ਼ਬਦਾਂ ਦੇ ਆਪ ਦਰਸ਼ਨ ਕਰ ਲੈਣ। ਮੈਂ ਲਿਖਿਆ ਹੈ "ਇਹ ਗੱਲ ਵਿਸ਼ੇਸ਼ ਧਿਆਨ ਦੇਣ ਵਾਲੀ ਹੈ ਕਿ ਬਾਣੀ-ਕਰਤਾ ਨੇ ਅਤਿ ਸੂਖਮ ਵਿਵੇਕ ਨਾਲ ਇਸ ਦੀ ਸਿਰਜਨਾ ਕਰਦਿਆਂ ਇਸ ਨੀਤੀ-ਸ਼ਾਸਤ੍ਰ ਦੇ ਕਾਮੁਕ ਪ੍ਰਸੰਗ ਆਪਣੇ ਮੂੰਹ ਤੋਂ ਨਾ ਕਹਿ ਕੇ ਮੰਤ੍ਰੀਆਂ ਦੇ ਮੂੰਹ ਤੋਂ ਅਖਵਾਏ ਹਨ, ਜੋ ਇਸ ਤਰਫ਼ ਸੰਕੇਤ ਹੈ ਕਿ ਇਹ ਚਰਿਤ੍ਰ ਬੀਬੀਆਂ ਵਿਚ ਪੜ੍ਹਨੇ-ਵਿਚਾਰਨੇ ਕੋਈ ਲਾਜ਼ਮੀ ਨਹੀਂ ਹਨ। ਕਿਸੇ ਅੰਧ-ਮਤੀ ਮਨੁੱਖ ਦੀ ਸਦਗਤੀ ਵਾਸਤੇ ਅਧਿਕਾਰ-ਪ੍ਰਾਪਤ ਵਿਅਕਤੀ ਇਹ ਕਥਾਵਾਂ ਸੁਣਾ ਸਕਦੇ ਹਨ। ਇਹ ਨੀਤੀ-ਸ਼ਾਸਤ੍ਰ ਹੈ, ਜਿਥੇ ਜ਼ਰੂਰਤ ਹੋਵੇ ਉਥੇ ਸੁਣਾਉਣਾ ਯੋਗ ਹੈ। ਪਰ ਇਸ ਦਾ ਪਹਿਲਾ, ਤੀਜਾ ਅਤੇ ਚੌਥਾ ਭਾਗ ਹਰ ਇਸਤ੍ਰੀ-ਪੁਰੁਖ ਲਈ ਅਤਿ ਪ੍ਰੇਰਨਾਦਾਇਕ ਹੈ।" ਡਾ. ਮਾਨ ਦੀ ਲਿਖਿਤ ਅਤੇ ਮੇਰੇ ਸ਼ਬਦਾਂ ਦਾ ਅੰਤਰ ਅਤੇ ਪ੍ਰਯੋਜਨ ਵੇਖ ਕੇ ਹੀ ਡਾ. ਮਾਨ ਦੀ ਨੀਯਤ ਸਪਸ਼ਟ ਹੋ

ਜਾਂਦੀ ਹੈ। ਇਨ੍ਹਾਂ ਪਦਾਂ ਵਿਚ ਆਏ ਅਧਿਕਾਰ-ਪ੍ਰਾਪਤ ਵਿਅਕਤੀ ਉਤੇ ਡਾ. ਮਾਨ ਨੇ ਬਹੁਤ ਕਟਾਕਸ਼ ਕਰਦਿਆਂ ਇਹ ਵੀ ਮੁਦਾ ਉਠਾਇਆ ਹੈ ਕਿ ਅਜਿਹੇ ਅਧਿਕਾਰ-ਪ੍ਰਾਪਤ ਵਿਅਕਤੀ ਕੌਣ ਹਨ ? ਵਾਸਤਵ ਵਿਚ 'ਅਧਿਕਾਰ-ਪ੍ਰਾਪਤ ਵਿਅਕਤੀ' ਸ਼ਬਦ ਉਸ ਤਤ-ਵੇਤਾ ਸਿਖ ਦੇ ਹਿਰਦੈ ਵਿਚੋਂ ਸਫੁਟਤ ਹੋਏ ਹਨ, ਜਿਸ ਦੀਆਂ ਲਿਖਤਾਂ ਨੂੰ ਡਾ. ਮਾਨ ਆਪਣੀ ਖੋਜ ਦਾ ਮੂਲ ਸਤੰਭ ਮੰਨਦੇ ਹਨ। ਉਹ ਵਿਅਕਤੀ ਹੈ ਭਾਈ ਕਾਨ੍ਹ ਸਿੰਘ 'ਨਾਭਾ'। ਉਨ੍ਹਾਂ ਮਹਾਨ ਕੋਸ਼ ਦੇ 'ਦਸਮ ਗ੍ਰੰਥ' ਸੰਬੰਧੀ ਇੰਦਰਾਜ਼ ਵਿਚ ਲਿਖਿਆ ਹੈ "ਕਈਆਂ ਨੇ ਆਖਿਆ ਕਿ ਇਸ ਬੀੜ ਦੀਆਂ ਜੁਦੀਆਂ ਜੁਦੀਆਂ ਪੋਥੀਆਂ ਰਹਿਣ, ਜਿਨ੍ਹਾਂ ਨੂੰ ਅਧਿਕਾਰ ਅਨੁਸਾਰ ਗੁਣੀ ਗਜਾਨੀ ਵਿਦਜਾਰਥੀ ਪਠਨ ਪਾਠਨ ਕਰ ਸਕਨ।" ਨਾਭਾ ਜੀ ਨੇ ਅਧਿਕਾਰ ਵਾਲਿਆਂ ਵਿਅਕਤੀਆਂ ਨੂੰ ਪਰਿਭਾਸ਼ਿਤ ਕਰ ਦਿਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਜਾਣ ਕੇ ਮਾਨ ਸਾਹਿਬ ਦਾ ਇਸ ਬਾਰੇ ਸੰਦੇਹ ਸ਼ਾਇਦ ਨਸ਼ਟ ਹੋ ਜਾਵੇਗਾ।

9. ਡਾ. ਮਾਨ ਵਾਰ-ਵਾਰ ਇਹ ਭ੍ਰਮ ਪੈਦਾ ਕਰ ਕੇ ਸਿਖਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਸ੍ਰੀ ਦਸਮ ਗ੍ਰੰਥ ਦੀ ਬਾਣੀ ਨੂੰ ਗੁਰੂ-ਕ੍ਰਿਤ ਕਹਿਣਾ ਸ੍ਰੀ ਅਕਾਲ ਤਖ਼ਤ ਵਲੋਂ ਪ੍ਰਵਾਣਿਤ ਪੰਥਕ ਰਹਿਤ ਮਰਯਾਦਾ ਦਾ ਉਲੰਘਣ ਹੈ। ਮੈਂ ਆਪਣੇ ਪਹਿਲੇ ਲੇਖ ਵਿਚ 'ਸਿਖ ਰਹਿਤ ਮਰਯਾਦਾ' ਦੇ ਕੁਝ ਅੰਸ਼ ਪ੍ਰਸਤੁਤ ਕਰ ਕੇ ਇਸ ਦਾ ਉਤਰ ਦੇ ਚੁਕਾ ਹਾਂ, ਪਰ ਡਾ. ਮਾਨ ਇਕੋ ਅਸਤਿ ਨੂੰ ਹਜ਼ਾਰ ਵਾਰ ਪਾਠਕਾਂ ਸਾਹਮਣੇ ਰਖ ਕੇ ਉਸ ਨੂ ਸਤਿ ਸਥਾਪਿਤ ਕਰਨ ਦੀ ਚਾਲਾਕੀ ਦੇ ਰਾਹ ਤੇ ਦ੍ਰਿੜ੍ਹਤਾ ਨਾਲ ਚਲਦਿਆਂ ਫਿਰ ਉਹੋ ਪੁਰਾਣਾ ਰਾਗ ਆਲਾਪ ਰਹੇ ਹਨ। ਉਨ੍ਹਾਂ ਨੂੰ ਚਾਹੀਦਾ ਸੀ ਕਿ ਪਹਿਲਾਂ ਮੇਰੇ ਵਿਚਾਰਾਂ ਨੂੰ ਨਿਰਾਧਾਰ ਸਿਧ ਕਰਦੇ। ਉਹ ਪਾਠਕਾਂ ਨੂੰ ਇਹ ਜਾਣਕਾਰੀ ਦਿੰਦੇ ਕਿ ਇਹ ਵਾਕ-ਅੰਸ਼ ਡਾ. ਹਰਭਜਨ ਸਿੰਘ ਨੇ ਸਿਰਜੇ ਹਨ ਅਤੇ 'ਸਿਖ ਰਹਿਤ ਮਰਯਾਦਾ' ਵਿਚ ਕਿਤੇ ਨਹੀਂ ਮਿਲਦੇ। ਜਾਂ ਉਹ ਪਾਠਕਾਂ ਨੂੰ ਇਹ ਦਸਦੇ ਕਿ ਇਨ੍ਹਾਂ ਦਾ ਸਹੀ ਅਰਥ ਉਹ ਨਹੀਂ, ਜੋ ਹਰਭਜਨ ਸਿੰਘ ਸਮਝ ਰਿਹਾ ਹੈ। ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਫਿਰ ਲਿਖ ਮਾਰਿਆ ਹੈ ਕਿ ਸ੍ਰੀ ਦਸਮ ਗ੍ਰੰਥ ਦੀ ਬਾਣੀ ਨੂੰ 'ਸਿਖ ਰਹਿਤ ਮਰਯਾਦਾ' ਵਿਚ ਕੋਈ ਸਥਾਨ ਨਹੀਂ ਦਿਤਾ ਗਿਆ। ਮੈਂ ਸਿਖ ਰਹਿਤ ਮਰਯਾਦਾ ਦੇ ਉਹੋ ਅੰਸ਼ ਫਿਰ ਪ੍ਰਸਤੁਤ ਕਰ ਰਿਹਾ ਹਾਂ, ਜੋ ਪਹਿਲੇ ਲੇਖ ਵਿਚ ਪਾਠਕਾਂ ਨਾਲ ਸਾਂਝੇ ਕੀਤੇ ਸਨ- 'ਸਿਖ ਰਹਿਤ ਮਰਯਾਦਾ' ਵਿਚ ਸਿਖ ਦੀ ਪਰਿਭਾਸ਼ਾ ਪ੍ਰਸਤੁਤ ਕਰਦਿਆਂ ਕਿਹਾ ਹੈ- "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ-ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿਖ ਹੈ।" ਇਸ ਵਾਕ ਵਿਚ 'ਦਸ ਗੁਰੂ ਸਾਹਿਬਾਨ ਦੀ ਬਾਣੀ' ਸ਼ਬਦ ਕੇਵਲ ਇਸ ਲਈ ਲਿਖਣੇ ਪਏ ਹਨ, ਕਿਉਂਕਿ ਸਿਖ ਦੀ ਪਰਿਭਾਸ਼ਾ ਵਿਚ ਦਸਵੇਂ ਗੁਰੂ ਜੀ ਦੀ ਬਾਣੀ ਨੂੰ ਸ਼ਾਮਿਲ ਕਰਨਾ ਸੀ, ਵਰਨਾ ਸਭ ਸਿਖਾਂ ਨੂੰ ਪਤਾ ਹੈ ਕਿ ਛੇਵੇਂ, ਸਤਵੇਂ ਅਤੇ ਅਠਵੇਂ ਪਾਤਸ਼ਾਹ ਦੀ ਕੋਈ ਲਿਖਿਤ ਬਾਣੀ ਨਹੀਂ ਮਿਲਦੀ। ਅਗੇ ਹੋਰ ਲਿਖਿਆ ਹੈ- "ਗੁਰਬਾਣੀ ਦੀ ਕਥਾ : ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਭਾਈ ਗੁਰਦਾਸ, ਭਾਈ ਨੰਦ ਲਾਲ ਦੀ.........ਹੋ ਸਕਦੀ ਹੈ।" ਮਾਨ ਸਾਹਿਬ ਦਸਣ ਕਿ ਇਥੇ ਇਹ ਕਿਉਂ ਨਹੀਂ ਲਿਖਿਆ ਗਿਆ ਕਿ ਕਥਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਭਾਈ ਗੁਰਦਾਸ, ਭਾਈ ਨੰਦ ਲਾਲ ਦੀ.........ਹੋ ਸਕਦੀ ਹੈ। ਹੋਰ ਵੇਖੋ- "ਗੁਰਮਤਿ ਦੀ ਰਹਿਣੀ : ਅ. ਮੁਕਤੀ-ਦਾਤਾ ਅਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।" ਅਸੀਂ ਵੇਖਦੇ ਹਾਂ ਕਿ 'ਸਿਖ ਰਹਿਤ ਮਰਯਾਦਾ' ਵਿਚ ਬਹੁਤ ਉਚੇਚ ਨਾਲ ਦਸ ਗੁਰੂ ਸਾਹਿਬਾਨ ਦੀ ਬਾਣੀ ਉਤੇ ਨਿਹਚਾ ਰਖਣ ਦਾ ਸੰਦੇਸ਼ ਹੈ, ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਕ ਵਿਸ਼ਵਾਸ ਸੀਮਿਤ ਨਹੀਂ ਕੀਤਾ ਗਿਆ। ਡਾ. ਮਾਨ ਜਾਣਦਿਆਂ-ਬੁਝਦਿਆਂ ਇਨ੍ਹਾਂ ਤਥਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਸਿਖ ਪੰਥ ਨੂੰ ਕੁਰਾਹੇ ਪਾ ਰਹੇ ਹਨ।

10. ਡਾ. ਮਾਨ ਅਸਤਿ ਲੇਖਣੀ ਦੇ ਇਤਨੇ ਆਦਿ ਹੋ ਚੁਕੇ ਹਨ ਕਿ ਉਹ ਕਹਿੰਦੇ ਹਨ "This Granth although called Khalsa granth by Harbhajan but most of the manuscripts has the composition of Zafarnama (1706) therefore they are all post 1699 production but there is no mention of creation Of Khalsa event in this Granth". ਅਰਥਾਤ ਭਾਵੇਂ ਹਰਭਜਨ ਇਸ ਗ੍ਰੰਥ ਨੂੰ ਖਾਲਸਾ ਗ੍ਰੰਥ ਕਹਿੰਦਾ ਹੈ, ਪਰ ਬਹੁਤੀਆਂ ਹਸਤ-ਲਿਖਿਤ ਬੀੜਾਂ ਵਿਚ 1706 ਈ. ਵਿਚ ਰਚਿਆ ਜ਼ਫ਼ਰਨਾਮਾ ਮਿਲਦਾ ਹੈ, ਫਿਰ ਵੀ ਇਸ ਗ੍ਰੰਥ ਵਿਚ ਖਾਲਸੇ ਦੀ ਸਿਰਜਣਾ ਬਾਰੇ ਕੁਝ ਨਹੀਂ ਲਿਖਿਆ। ਪਾਠਕਾਂ ਨੂੰ ਬੇਨਤੀ ਹੈ ਕਿ ਡਾ. ਮਾਨ ਫਿਰ ਗੁਮਰਾਹ ਕਰ ਰਹੇ ਹਨ। 1698 ਈ. ਵਿਚ ਰਾਮਾਵਤਾਰ ਦੀ ਸੰਪੂਰਨਤਾ ਮਗਰੋਂ ਸ੍ਰੀ ਗੁਰੂ ਜੀ ਨੂੰ ਬਾਣੀ ਰਚਣ ਦਾ ਸਮਾਂ ਨਹੀਂ ਮਿਲਿਆ। ਉਨ੍ਹਾਂ ਨੇ ਕਠਿਨ ਪ੍ਰਸਥਿਤੀਆਂ ਵਿਚ ਕੇਵਲ 'ਜ਼ਫ਼ਰਨਾਮਾ' ਨਾਮੀ ਪਤਰ ਹੀ ਔਰੰਗਜ਼ੇਬ ਵਲ ਭੇਜਿਆ। ਸੋ ਖ਼ਾਲਸੇ ਦੀ ਸਿਰਜਨਾ ਸੰਬੰਧੀ ਕੁਝ ਲਿਖਣ ਦਾ ਸਮਾਂ ਉਨ੍ਹਾਂ ਕੋਲ ਨਹੀਂ ਸੀ। ਇਸ ਸਮੇਂ ਦੌਰਾਨ ਉਨ੍ਹਾਂ ਨੇ ਖ਼ਾਲਸੇ ਦੀ ਰਹਿਤ ਅਤੇ ਖ਼ਾਲਸੇ ਦੀ ਮਹਿਮਾ ਸੰਬੰਧੀ ਜੋ ਪਦ ਉਚਾਰਣ ਕੀਤੇ, ਉਹ ਰਹਿਤਨਾਮਿਆਂ, ਸਰਬ ਲੋਹ, ਪ੍ਰੇਮ ਸੁਮਾਰਗ ਆਦਿ ਹੋਰ ਗ੍ਰੰਥਾਂ ਵਿਚ ਸੰਗ੍ਰਹਿਤ ਹਨ।

11. ਡਾ. ਮਾਨ ਸੋਧਕ ਕਮੇਟੀ ਦਾ ਮੁਦਾ ਵਾਰ-ਵਾਰ ਉਛਾਲ ਰਹੇ ਹਨ, ਪਰ ਉਹ ਇਸ ਸੰਬੰਧੀ ਕੋਈ ਅਕਾਦਮਿਕ ਇਤਰਾਜ਼ ਸਿਰਜਣ ਵਿਚ ਪੂਰੀ ਤਰ੍ਹਾਂ ਨਾਕਾਮ ਹਨ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਮਗਰੋਂ ਸੋਧੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਮੇਰਾ ਸੌ ਫ਼ੀ ਸਦੀ ਨਿਸ਼ਚਾ ਹੈ, ਤਾਂ ਸੋਧਕ ਕਮੇਟੀ ਦੁਆਰਾ ਸੋਧੇ ਸ੍ਰੀ ਦਸਮ ਗ੍ਰੰਥ ਨੂੰ ਕਿਵੇਂ ਅਪ੍ਰਵਾਨ ਕੀਤਾ ਜਾ ਸਕਦਾ ਹੈ ? ਜੋ ਨੁਕਤੇ ਉਹ ਸ੍ਰੀ ਦਸਮ ਗ੍ਰੰਥ ਸੰਬੰਧੀ ਉਠਾ ਰਹੇ ਹਨ, ਕਲ੍ਹ ਨੂੰ ਉਨ੍ਹਾਂ ਵਰਗੇ ਲੋਕ ਅਜਿਹੇ ਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਵੀ ਪ੍ਰਗਟ ਕਰਨਗੇ। ਕੋਈ ਕਹੇਗਾ ਇਸ ਵਿਚ ਮੂਲ-ਮੰਤ੍ਰ ਦਾ ਸਥਾਨ ਇਕ ਸਮਾਨ ਨਹੀਂ, ਕੋਈ ਕਹੇਗਾ ਇਸ ਵਿਚ ਕਈ ਥਾਂਈਂ ਅਵਤਾਰ-ਮਹਿਮਾ ਹੈ, ਕੋਈ ਕਹੇਗਾ 'ਸੁ ਕਹੁ ਟਲ' ਦੀ ਥਾਂ 'ਸੁ ਕਹੁ ਕਲ' ਹੋਣ ਚਾਹੀਦਾ ਹੈ। ਕੋਈ ਕਹਿ ਰਿਹਾ ਹੈ ਮੂਲ-ਮੰਤ੍ਰ 'ਹੋਸੀ ਭੀ ਸਚੁ' ਤਕ ਹੈ, ਕੋਈ ਕਹੇਗਾ 'ਗੁਰਪ੍ਰਸਾਦਿ' ਤਕ। ਸੰਦੇਹਵਾਦੀਆਂ ਵਾਸਤੇ ਸ਼ੰਕਿਆਂ ਦੀ ਤੋਟ ਨਹੀਂ, ਵਿਸ਼ਵਾਸੀਆਂ ਨੇ ਅਟੁਟ ਭਰੋਸੇ ਤੇ ਕਾਇਮ ਰਹਿਣਾ ਹੈ। ਡਾ. ਮਾਨ ਦਾ ਆਪਣਾ ਸੋਧਿਆ ਕੋਈ ਅਜਿਹਾ ਸ੍ਰੀ ਦਸਮ ਗ੍ਰੰਥ ਨਹੀਂ, ਜੋ ਸੋਧਕ ਕਮੇਟੀ ਵਾਲੇ ਗ੍ਰੰਥ ਤੋਂ ਉਤਮ ਹੋਵੇ।

12. ਡਾ. ਮਾਨ ਛਜਿਆ ਅਤੇ ਅਨੂਪ ਕੌਰ ਵਾਲੇ ਪ੍ਰਸੰਗ ਸੰਬੰਧੀ ਮੇਰੇ ਵਿਚਾਰਾਂ ਤੋਂ ਖਿੰਨ ਹੋ ਕੇ ਲਿਖਦੇ ਹਨ- If Harbhajan can write above paragraphs for Guru Gobind Singh Ji without any academic evidence then no Sikh will have any comments on his sacrilegious opinion. This is the level of scholarship of Dr. Harbhajan Singh and he wants scholars of Sikh Panth to appreciate his sacrilegious opinion? ਮੈਂ ਸਮਝਦਾ ਹਾਂ ਕਿ ਇਹ ਅਪਸ਼ਬਦ ਡਾ. ਮਾਨ ਦੀ ਆਪਣੀ ਮਾਨਸਿਕ ਵਿਕ੍ਰਿਤੀ ਵਿਚੋਂ ਨਿਕਲੇ ਹਨ। ਗੁਰੂ ਜੀ ਦੁਆਰਾ ਕੀਤੇ ਇਹ ਦੋਵੇਂ ਚਰਿਤ੍ਰ ਮਾਨਵ-ਸਮਾਜ ਲਈ ਅਤਿਅੰਤ ਕਲਿਆਣਕਾਰੀ ਹਨ। ਅਨੂਪ ਕੌਰ ਨਾਲ ਸੰਵਾਦ ਵਿਚ ਸ੍ਰੀ ਗੁਰੂ ਜੀ ਨੇ ਕਾਮ-ਮੁਕਤੀ ਉਪਦੇਸ਼ਾਂ ਦੀ ਜੋ ਉਚਾਈ ਸਥਾਪਿਤ ਕੀਤੀ ਹੈ, ਉਹ ਸ਼ਾਇਦ ਹੀ ਵਿਸ਼ਵ ਦੀ ਕਿਸੇ ਸਾਹਿਤਿਕ ਕ੍ਰਿਤੀ ਵਿਚ ਮਿਲ ਸਕੇ। ਡਾ. ਮਾਨ ਨੂੰ ਮੇਰੀ ਬਹੁਤ ਫ਼ਿਕਰ ਨਹੀਂ ਕਰਨੀ ਚਾਹੀਦੀ। ਅਨੂਪ ਕੌਰ ਵਾਲੇ ਪ੍ਰਸੰਗ ਉਤੇ ਇਕ ਹੋਰ ਲੇਖ ਲਿਖ ਕੇ ਮੈਂ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਭੇਜ ਚੁਕਾ ਹਾਂ ਅਤੇ ਇਸ ਵਿਚ ਦ੍ਰਿੜ੍ਹਤਾ ਸਹਿਤ ਇਹ ਸਥਾਪਿਤ ਕੀਤਾ ਹੈ ਕਿ ਕਥਾ ਦੇ ਇਕ ਮੁਖ ਪਾਤਰ ਸ੍ਰੀ ਗੁਰੂ ਜੀ ਹਨ। ਅਤੇ ਇਹ ਗੌਰਵ ਵਾਲੀ ਗੱਲ ਹੈ ਕਿ ਸਾਡੇ ਸ਼ਹਿਨਸ਼ਾਹ ਨੇ ਨਾ ਕੇਵਲ ਕਾਮ ਦੇ ਸਾਰੇ ਹਥਕੰਡਿਆਂ ਨੂੰ ਪਛਾੜਿਆ, ਬਲਕਿ ਕਾਮ ਵਿਚ ਡੁਬੀ ਮਾਨਵਤਾ ਨੂੰ ਆਪਣੇ ਉਪਦੇਸ਼ਾਂ ਰਾਹੀਂ ਕਾਮ-ਮੁਕਤੀ ਦੇ ਰਾਹ ਤੋਰਨ ਦਾ ਪ੍ਰਯਤਨ ਕੀਤਾ। ਮੇਰਾ ਇਹ ਲੇਖ ਪੁਸਤਕ ਦੇ ਅਗਲੇ ਸੰਸਕਰਣ ਵਿਚ ਪ੍ਰਕਾਸ਼ਿਤ ਹੋ ਜਾਵੇਗਾ। ਡਾ. ਮਾਨ ਜੇ ਫ਼ਰਮਾਇਸ਼ ਕਰਨ ਤਾਂ ਉਨ੍ਹਾਂ ਨੂੰ ਪਹਿਲਾਂ ਵੀ ਭੇਜਿਆ ਜਾ ਸਕਦਾ ਹੈ। ਮਾਨ ਸਾਹਿਬ ਮੈਨੂੰ ਚਿਤ੍ਰ-ਗੁਪਤ ਦੇ ਲੇਖੇ ਤੋਂ ਭੈ-ਭੀਤ ਕਰਦੇ ਹਨ, ਪਰ ਮੇਰੇ ਕੋਲ ਕੁਝ ਗੁਪਤ ਨਹੀਂ, ਸਭ ਚਿਤ੍ਰ ਹੀ ਚਿਤ੍ਰ ਹੈ। ਜਿਸ ਸਤਿਗੁਰੂ ਨੇ ਛਜਿਆ ਜੈਸੀਆਂ ਕਾਮੁਕ ਨਾਰੀਆਂ ਨੂੰ ਕਾਮ-ਸਾਗਰ ਵਿਚ ਡੁਬਣੋ ਰਖ ਲਿਆ, ਉਸ ਦੇ ਸੇਵਕ ਹਰਭਜਨ ਸਿੰਘ ਨੂੰ ਚਿਤ੍ਰ-ਗੁਪਤ ਵਰਗੇ ਨਿਕੰਮੇ ਚੁਗ਼ਲਖੋਰ ਮੂੰਹ ਵਿਖਾਉਣ ਦੀ ਹਿੰਮਤ ਨਹੀਂ ਕਰ ਸਕਦੇ। ਕਿਉਂਕਿ ਸ੍ਰੀ ਦਸਮ ਗ੍ਰੰਥ ਦਾ ਵਿਰੋਧ ਕਰਨ ਵਾਲੇ ਅਗਿਆਨੀ ਵਰਗ ਨੇ ਅਨੂਪ ਕੌਰ ਦੇ ਚਰਿਤ੍ਰ ਦੀ ਝੂਠੀ ਕਹਾਣੀ ਬਣਾ ਕੇ ਸਿਖ ਸੰਗਤ ਨੂੰ ਭ੍ਰਮਿਤ ਕਰਨ ਲਈ ਅਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ, ਇਸ ਲਈ ਪਾਠਕਾਂ ਸਾਹਮਣੇ ਸਚਾਈ ਰਖਣ ਵਾਸਤੇ ਮੈਂ ਕਹਾਣੀ ਉਤੇ ਆਧਾਰਿਤ ਗੁਰੂ ਜੀ ਅਤੇ ਅਨੂਪ ਕੌਰ ਦਾ ਸੰਵਾਦ ਇਥੇ ਪ੍ਰਸਤੁਤ ਕਰਨ ਦੀ ਖੁਲ੍ਹ ਲੈ ਰਿਹਾ ਹਾਂ-

ਅਨੂਪ ਕੌਰ : ਮੈਂ ਸ਼ਿਵ ਦੇ ਵੈਰੀ ਕਾਮਦੇਵ ਤੋਂ ਪੀੜਿਤ ਹਾਂ। ਤੁਹਾਡੇ ਤੋਂ ਵਿਕ ਚੁਕੀ ਹਾਂ। ਮੇਰੇ ਨਾਲ ਕਾਮ-ਭੋਗ ਕਰੋ। ਪੂਜਣਯੋਗ ਹੋ ਗਏ ਤਾਂ ਕੀ ਹੋਇਆ ? ਧਨਵਾਨ (ਗੁਣਵੰਤ) ਹੋ, ਤਾਂ ਨਿਰਧਨਾਂ (ਔਗੁਣਵੰਤਿਆਂ) ਨੂੰ ਕਿਉਂ ਸਤਾਉਂਦੇ ਹੋ ? ਇਹ ਠੀਕ ਹੈ, ਤੁਸੀਂ ਰੂਪਵੰਤ ਹੋ, ਪਰ ਅਭਿਮਾਨ ਕਿਉਂ ਕਰਦੇ ਹੋ ? ਧਨ, ਜੋਬਨ ਆਖ਼ਿਰ ਚਾਰ ਦਿਨਾਂ ਦਾ ਪ੍ਰਾਹੁਣਾ ਹੈ।

ਗੁਰੂ ਜੀ : ਧਰਮ-ਕਰਮ ਨਾਲ ਪਵਿਤ੍ਰ ਜੀਵਨ ਮਿਲਦਾ ਹੈ। ਧਰਮ ਤੋਂ ਹੀ ਸੁੰਦਰਤਾ ਮਿਲਦੀ ਹੈ। ਧਨ-ਧਾਮ ਧਰਮ ਤੋਂ ਮਿਲਦੇ ਹਨ। ਧਰਮ ਹੀ ਰਾਜ ਦੀ ਸ਼ੋਭਾ ਹੈ। ਤੇਰਾ ਕਿਹਾ ਮੰਨ ਕੇ ਧਰਮ ਦਾ ਤਿਆਗ ਕਿਉਂ ਕਰਾਂ ? ਕਿਉਂ ਇਸ ਪਵਿਤ੍ਰ ਕਾਇਆ ਨੂੰ (ਕਾਮ ਦੇ) ਨਰਕ ਵਿਚ ਸੁਟਾਂ। ਤੇਰਾ ਕਿਹਾ ਮੰਨ ਕੇ ਕਦੇ ਕਾਮ-ਭੋਗ ਨਹੀਂ ਕਰਾਂਗਾ। ਮੈਂ ਆਪਣੀ ਕੁਲ ਨੂੰ ਕਿਉਂ ਦਾਗ਼ ਲਗਾਵਾਂ ? ਮੈਂ ਵਿਆਹੁਤਾ ਪਤਨੀ ਨੂੰ ਤਿਆਗ ਕੇ ਤੇਰੇ ਨਾਲ ਕਦੇ ਵੀ ਭੋਗ ਨਹੀਂ ਕਰਾਂਗਾ। ਭੋਗ-ਵਿਲਾਸ ਕਰ ਕੇ ਮੈਂ ਧਰਮਰਾਜ ਦੀ ਸਭਾ ਵਿਚ ਕਿਵੇਂ ਸ਼ੋਭਾ ਪਾ ਸਕਾਂਗਾ ?

ਅਨੂਪ ਕੌਰ : ਕਾਮਤੁਰ ਇਸਤ੍ਰੀ ਜੇ ਮਰਦ ਕੋਲ ਜਾਵੇ। ਉਹ ਉਸ ਨੂੰ ਨਿਰਾਸ਼ ਜਾਣ ਦੇਵੇ, ਤਾਂ ਉਸ ਨੂੰ ਮਹਾਨ ਨਰਕ ਵਿਚ ਹੀ ਸੁਟਣਾ ਚਾਹੀਦਾ ਹੈ।

ਗੁਰੂ ਜੀ : ਤੂੰ ਹਮੇਸ਼ਾ ਮੇਰੇ ਪੈਰੀਂ ਪੈਂਦੀ ਹੈਂ, ਮੇਰੀ ਪੂਜਾ ਕਰਦੀ ਹੈਂ। ਮੇਰੇ ਨਾਲ ਭੋਗ ਕਰਦਿਆਂ ਤੈਨੂੰ ਸ਼ਰਮ ਨਹੀਂ ਆਵੇਗੀ।

ਅਨੂਪ ਕੌਰ : ਸ੍ਰੀ ਕ੍ਰਿਸ਼ਣ ਵੀ ਜਗਤ ਵਿਚ ਪੂਜੇ ਜਾਂਦੇ ਸਨ, ਫਿਰ ਵੀ ਰਾਸ-ਲੀਲਾ ਰਚਦੇ ਸਨ। ਰਾਧਾ ਨਾਲ ਭੋਗ ਕਰ ਕੇ, ਉਹ ਤਾਂ ਨਹੀਂ ਨਰਕ ਵਿਚ ਚਲੇ ਗਏ। ਰੱਬ ਨੇ ਇਨਸਾਨ ਦੀ ਦੇਹੀ ਪੰਜ ਤਤਾਂ ਤੋਂ ਬਣਾਈ ਹੈ। ਕਾਮ-ਭੋਗਣ ਨਾਲ ਕੀ ਫ਼ਰਕ ਪੈਂਦਾ ਹੈ ? ਇਸਤ੍ਰੀ-ਪੁਰੁਖ ਦੀ ਪ੍ਰੀਤ ਉਸੇ ਨੇ ਬਣਾਈ ਹੈ। ਮੇਰੇ ਸਰੀਰ ਵਿਚ ਕਾਮ-ਅਗਨੀ ਹੈ, ਉਸ ਨੂੰ ਤ੍ਰਿਪਤ ਕਰੋ। ਤੁਹਾਡੇ ਸੰਜੋਗ ਬਿਨਾ ਮੈਂ ਵਿਜੋਗ ਵਿਚ ਸੜ ਮਰਾਂਗੀ।

ਗੁਰੂ ਜੀ : ਹੇ ਜੋਬਨਵੰਤੀ ! ਮਨ ਵਿਚ ਧੀਰਜ ਕਰ, ਕਾਮਦੇਵ ਤੇਰਾ ਕੀ ਵਿਗਾੜੇਗਾ ? ਮਨ ਵਿਚ ਮਹਾ ਰੁਦ੍ਰ (ਪ੍ਰਭੂ) ਦਾ ਧਿਆਨ ਕਰ, ਤੇਰਾ ਕਾਮ ਦਾ ਸੰਤਾਪ ਨਸ਼ਟ ਹੋ ਜਾਵੇਗਾ। ਮੈਂ ਆਪਣੀ ਧਰਮ-ਪਤਨੀ ਤਿਆਗ ਕੇ ਨਾ ਤੈਨੂੰ ਪ੍ਰਣਾਵਾਂਗਾ, ਨਾ ਤੇਰੇ ਨਾਲ ਪ੍ਰੀਤ ਸਹਿਤ ਭੋਗ ਕਰਾਂਗਾ। ਤੇਰਾ ਕਿਹਾ ਮੰਨ ਕੇ ਕਾਮ-ਭੋਗ ਕਿਉਂ ਕਰਾਂ ? ਕਿਉਂ ਨਰਕ ਵਿਚ ਜਾਵਾਂ ? ਮੈਂ ਧਰਮ ਦੇ ਵੈਰੀ ਕਾਮ ਨੂੰ ਕਦੇ ਗ੍ਰਹਿਣ ਨਹੀਂ ਕਰ ਸਕਦਾ। ਕਾਮ ਵਿਚ (ਦੁਨੀਆਂ ਅੰਦਰ) ਮੇਰੇ ਅਪਜਸ ਦੀ ਕਥਾ ਚਲ ਪਵੇਗੀ। ਮੈਂ ਲੋਕਾਂ ਨੂੰ ਮੂੰਹ ਕਿਵੇਂ ਵਿਖਾਵਾਂਗਾ ? ਧਰਮ ਰਾਜ ਨੂੰ ਜਵਾਬ ਕਿਵੇਂ ਦੇਵਾਂਗਾ ? ਹੇ ਸੁੰਦਰੀ ! ਮੇਰੇ ਨਾਲ ਇਸ਼ਕ ਦੇ ਵਿਚਾਰ ਛਡ ਦੇ। ਜੋ ਤੂੰ ਕਹਿ ਦਿਤਾ ਸੋ ਕਹਿ ਦਿਤਾ, ਫਿਰ ਅਜਿਹਾ ਕਹਿਣ ਦਾ ਕਦੇ ਸਾਹਸ ਨਾ ਕਰਨਾ।

ਅਨੂਪ ਕੌਰ : ਹੇ ਪ੍ਰੀਤਮ ! ਮੇਰੇ ਨਾਲ ਭੋਗ ਕਰ ਕੇ ਨਰਕ ਵਿਚ ਨਹੀਂ ਜਾਓਗੇ। ਤੁਸੀਂ ਮਨ ਵਿਚੋਂ ਇਹ ਡਰ ਤਿਆਗ ਦਿਓ। ਲੋਕ ਤੁਹਾਡੀ ਨਿੰਦਾ ਨਹੀਂ ਕਰ ਸਕਦੇ, ਉਹ ਤੁਹਾਡੇ ਤੋਂ ਡਰਦੇ ਹਨ। ਫਿਰ ਜੇ ਕਿਸੇ ਨੂੰ ਪਤਾ ਲਗੇਗਾ, ਤਾਂ ਹੀ ਨਿੰਦਾ ਕਰੇਗਾ। ਜੇ ਕੋਈ ਜਾਣ ਵੀ ਲਵੇ, ਤੁਹਾਡੇ ਤੋਂ ਡਰ ਕੇ ਚੁਪ ਰਹੇਗਾ। ਭੋਗ ਨਾ ਕਰੋਗੇ, ਤਾਂ ਲੱਤ ਹੇਠੋਂ ਨਿਕਲਣਾ ਹੋਵੇਗਾ।

ਗੁਰੂ ਜੀ : ਲੱਤਾਂ ਹੇਠੋਂ ਉਹ ਨਿਕਲੇਗਾ, ਜੋ ਕਾਮ ਦੇ ਅਸਮਰਥ ਹੋਵੇ। ਨਪੁੰਸਕ ਹੋਵੇ। ਮੈਂ ਧਰਮ ਦਾ ਬੰਨ੍ਹਿਆ, ਲੋਕ ਮਰਯਾਦਾ ਦਾ ਬੰਨ੍ਹਿਆ ਕਾਮ-ਭੋਗ ਤੋਂ ਨਿਰਲਿਪਤ ਰਹਿੰਦਾ ਹਾਂ। ਕਿਸੇ ਸਰੀਰਿਕ ਹੀਣਤਾ ਕਾਰਨ ਨਹੀਂ।

ਅਨੂਪ ਕੌਰ : ਤੁਸੀਂ ਅਨੇਕ ਯਤਨ ਕਰ ਕੇ ਵੀ ਇਥੋਂ ਭੋਗ-ਵਿਲਾਸ ਕੀਤੇ ਬਿਨਾ ਜਾ ਨਹੀਂ ਸਕਦੇ। ਅਜ ਰਾਤ ਕਾਮ-ਕ੍ਰੀੜਾ ਕਰਨੀ ਹੋਵੇਗੀ। ਤੁਹਾਡੇ ਲਈ ਮੈਂ ਕਾਸ਼ੀ ਵਿਚ ਆਰੇ ਨਾਲ ਚੀਰੇ ਜਾਣ ਵਾਸਤੇ ਤਿਆਰ ਹਾਂ। ਧਰਮਰਾਜ ਦੀ ਸਭਾ ਵਿਚ ਡਟ ਕੇ ਉਤਰ ਦੇ ਸਕਦੀ

ਹਾਂ। ਅਜ ਦੀ ਰਾਤ ਮੈਂ ਰੁਚੀ ਪੂਰਵਕ ਤੁਹਾਡੇ ਨਾਲ ਕਾਮ-ਆਨੰਦ ਮਾਣਾਂਗੀ। ਤੁਹਾਡੇ ਸੰਜੋਗ ਨਾਲ ਮੈਂ ਅਜ ਸ਼ਿਵ ਦੇ ਵੈਰੀ ਕਾਮਦੇਵ ਦਾ ਅਹੰਕਾਰ ਤੋੜ ਦੇਵਾਂਗੀ।

ਗੁਰੂ ਜੀ : ਪਹਿਲਾਂ ਤਾਂ ਅਕਾਲ-ਪੁਰਖ ਨੇ ਮੈਨੂੰ ਖਤਰੀਆਂ ਦੀ ਸ੍ਰੇਸ਼ਠ ਕੁਲ ਵਿਚ ਪੈਦਾ ਕੀਤਾ ਹੈ। ਫਿਰ (ਗੁਰੁਗਦੀ ਤੇ ਵਿਰਾਜਮਾਨ ਕਰ ਕੇ) ਸਾਡੀ ਕੁਲ ਨੂੰ ਜਗਤ ਵਿਚ ਸਨਮਾਨ ਦਿਤਾ ਹੈ। ਮੈਂ ਸਾਰਿਆਂ ਵਿਚ ਬੈਠ ਕੇ ਪੂਜਣਯੋਗ ਅਖਵਾਉਂਦਾ ਹਾਂ। ਤੇਰੇ ਨਾਲ ਕਾਮਭੋਗ ਕੇ ਨੀਚ ਕੁਲ ਵਿਚ ਜਾਵਾਂਗਾ।

ਅਨੂਪ ਕੌਰ : ਜਨਮ ਦੀ ਕੀ ਗੱਲ ਹੈ ? ਜਨਮ ਤਾਂ ਤੁਹਾਡੇ ਹੀ ਅਧੀਨ ਹਨ। ਜੇ ਅਜ ਮੇਰਾ ਸੰਗ ਨਾ ਕਰੋਗੇ, ਤਾਂ ਮੈਂ ਆਪਣੀ ਬਦਨਸੀਬੀ ਸਮਝਾਂਗੀ। ਤੁਹਾਡੇ ਵਿਜੋਗ ਵਿਚ ਸੜ ਮਰਾਂਗੀ, ਜ਼ਹਿਰ ਪੀ ਲਵਾਂਗੀ। ਮੇਰੇ ਨਾਲ ਸੰਜੋਗ ਕਰੋ, ਤਾਂ ਕਿ ਦਿਲ ਦਾ ਰੋਗ ਦੂਰ ਹੋਵੇ। ਤੁਹਾਡਾ ਸੰਗ ਨਹੀਂ ਮਿਲ ਰਿਹਾ, ਮੇਰੀ ਕਾਮ-ਅਗਨੀ ਭੜਕ ਰਹੀ ਹੈ।

ਗੁਰੂ ਜੀ : ਭਾਂਵੇਂ ਤੂੰ ਕਿਤਨੀ ਕਾਮਾਤੁਰ ਹੋ ਜਾਵੇਂ ? ਮੈਂ ਇਹ ਪਾਪ ਨਹੀਂ ਕਰਾਂਗਾ।

ਅਨੂਪ ਕੌਰ : ਪਰਮੇਸ਼ਰ ਨੇ ਤੁਹਾਨੂੰ ਜਵਾਨੀ ਦਿਤੀ ਹੈ। ਮੈਂ ਵੀ ਜਵਾਨ ਹਾਂ। ਤੁਹਾਡੀ ਜਵਾਨੀ ਅਤੇ ਸੁੰਦਰਤਾ ਨੇ ਮਨ ਵਿਚ ਅਗ ਲਾ ਦਿਤੀ ਹੈ। ਸਭ ਸ਼ੰਕੇ ਛਡ ਕੇ ਮੇਰਾ ਸੰਗ ਮਾਣੋ।

ਗੁਰੂ ਜੀ : ਜੋ ਸੁੰਦਰੀ ਮੈਨੂੰ ਪੂਜਣਯੋਗ ਮੰਨ ਕੇ ਮੇਰੇ ਦਰਬਾਰ ਵਿਚ ਆਉਂਦੀ ਹੈ, ਉਹ ਮੇਰੀ ਪੁਤਰੀ ਸਮਾਨ ਹੈ। ਕਾਮ-ਅੰਧ ਇਸਤ੍ਰੀ ਦੀ ਪ੍ਰੀਤ ਝੂਠੀ ਹੈ, ਕਦੇ ਓੜਕ ਨਹੀਂ ਨਿਭਦੀ। ਇਕ ਮਰਦ ਛਡਿਆ, ਦੂਜਾ ਗ੍ਰਹਿਣ ਕਰ ਲਿਆ। ਇਹ ਕਾਹਦੀ ਪ੍ਰੀਤ ਹੈ, ਕੇਵਲ ਨੰਗਾ ਸਰੀਰ ਦੂਜੇ ਦੇ ਹਵਾਲੇ ਕਰਨ ਵਾਲਾ ਕਰਮ ਹੈ।

ਅਨੂਪ ਕੌਰ : ਕੀ ਕਰਾਂ ? ਕਾਮ ਤੋਂ ਕਿਵੇਂ ਬਚਾਂ ? ਮਨ ਸ਼ਾਂਤ ਨਹੀਂ ਹੁੰਦਾ। ਤੈਨੂੰ ਮਾਰ ਕੇ ਕਿਵੇਂ ਜੀਵਾਂ ? ਤੇਰੇ ਬੋਲ ਬਹੁਤ ਰਸੀਲੇ ਲਗਦੇ ਹਨ।

ਗੁਰੂ ਜੀ : ਹੇ ਇਸਤ੍ਰੀ ! ਤੇਰਾ ਰੂਪ ਧੰਨ ਹੈ। ਤੇਰੇ ਜਨਮ-ਦਾਤੇ ਧੰਨ ਹਨ। ਤੇਰਾ ਦੇਸ਼ ਧੰਨ ਹੈ। ਧੰਨ ਹੈ ਉਹ, ਜਿਸ ਨੇ ਤੇਰੀ ਪਾਲਣਾ ਕੀਤੀ। ਤੇਰਾ ਮੁਖੜਾ ਧੰਨ ਹੈ, ਜਿਸ ਦੀ ਸ਼ੋਭਾ ਵੇਖ ਕੇ ਕਮਲ, ਸੂਰਜ, ਚੰਦ੍ਰਮਾ ਅਤੇ ਕਾਮਦੇਵ ਦਾ ਅਹੰਕਾਰ ਚੂਰ ਹੋ ਜਾਂਦਾ ਹੈ। ਤੇਰਾ ਸੁੰਦਰ ਸਰੀਰ ਸੌਭਾਗਸ਼ਾਲੀ ਹੈ। ਤੇਰੇ ਸੋਹਣੇ ਚੰਚਲ ਨੈਣ ਸਜੀਲੇ ਹਨ। ਇਹ ਪੰਛੀਆਂ, ਹਿਰਣਾਂ, ਯਕਸ਼ਾਂ, ਸਪਾਂ, ਦੈਤਾਂ, ਦੇਵਤਿਆਂ, ਮੁਨੀਆਂ ਅਤੇ ਪੁਰਖਾਂ ਦਾ ਮਨ ਮੋਹ ਲੈਂਦੇ ਹਨ। ਸ਼ਿਵ ਅਤੇ ਬ੍ਰਹਮਾ ਦੇ ਚਾਰ ਪੁਤਰ ਤੇਰੇ ਨੈਣਾਂ ਨੂੰ ਵੇਖ ਕੇ ਥਕ ਗਏ ਹਨ। ਪਰ ਮੈਂ ਹੈਰਾਨ ਹਾਂ ਕਿ ਮੇਰੇ ਹਿਰਦੇ ਵਿਚ ਨਹੀਂ ਚੁਭਦੇ।

ਅਨੂਪ ਕੌਰ : ਮੈਂ ਤੁਹਾਡੇ ਨਾਲ ਬਿਸਤਰ ਉਤੇ ਲੇਟ ਕੇ ਵੀ ਕਿਸੇ ਨੂੰ ਕੁਝ ਨਹੀਂ ਦਸਾਂਗੀ। ਕਾਮ-ਲਿਪਤ ਹੋਇਆਂ ਸਾਰੀ ਰਾਤ ਇਉਂ ਪਲਾਂ ਵਿਚ ਗੁਜ਼ਰ ਜਾਵੇਗੀ। ਇਸ ਭੋਗ ਦਾ ਸਵਾਦ ਇਤਨਾ ਵੀ ਫਿਕਾ ਨਹੀਂ ਹੁੰਦਾ। ਹੇ ਸਜਣੀ ! ਜਾਗਣ ਤੇ ਲਾਜ ਲਗਦੀ ਹੈ। ਜਾਗਣ ਨਾਲੋਂ ਬਸ ਅਜਿਹਾ ਸੌਣ ਹੀ ਚੰਗਾ ਹੈ। ਅਜ ਜਾਂ ਤੁਹਾਡਾ ਸੰਗ ਮਾਣਾਂਗੀ, ਜਾਂ ਜ਼ਹਿਰ ਖਾ ਕੇ ਮਰ ਜਾਵਾਂਗੀ।

ਗੁਰੂ ਜੀ : ਤੇਰੇ ਨੈਣ ਤੀਰ ਵਰਗੇ ਹਨ, ਪਰ ਮੇਰਾ ਕਵਚ ਹਯਾ ਹੈ। ਤੇਰੇ ਨੈਣ ਬਹੁਤ ਸਜੇ ਹਨ। ਵੇਖਦਿਆਂ ਹੀ ਗਿਆਨ ਹਰ ਲੈਂਦੇ ਹਨ। ਪਰ ਇਹ ਤੀਰ ਮੇਰੇ ਦਿਲ ਵਿਚ ਨਹੀਂ ਖੁਭ ਸਕਦੇ। ਗਲਘੋਟੂ ਬੇਰਾਂ ਵਾਂਗ ਇਨ੍ਹਾਂ ਵਿਚ ਕੋਈ ਖਿਚ ਨਹੀਂ।

ਅਨੂਪ ਕੌਰ : ਤੁਹਾਡੇ ਤੋਂ ਤਾਂ ਬੇਰੀ ਹੀ ਧੰਨ ਹੈ। ਰਾਹੀਆਂ ਨੂੰ ਬੇਰ ਖੁਆ ਕੇ ਘਰ ਜਾਣ ਦੇਂਦੀ ਹੈ।

ਗੁਰੂ ਜੀ : ਮੈਂ ਜਦੋਂ ਤੋਂ ਹੋਸ਼ ਸੰਭਾਲੀ ਹੈ, ਮੇਰੇ ਗੁਰੁਦੇਵ ਪਿਤਾ ਨੇ ਇਕੋ ਪ੍ਰਤਿਗਿਆ ਦ੍ਰਿੜ੍ਹ ਕਰਵਾਈ ਹੈ ਕਿ ਜਦੋਂ ਤਕ ਸਰੀਰ ਵਿਚ ਪ੍ਰਾਣ ਹਨ, ਆਪਣੀ ਇਸਤ੍ਰੀ ਨਾਲ ਪ੍ਰੀਤ ਵਧਾਉਂਦੇ ਰਹਿਣਾ, ਪਰ ਪਰਾਈ ਨਾਰੀ ਦੀ ਸੇਜ ਉਤੇ ਸੁਪਨੇ ਵਿਚ ਵੀ ਨਾ ਜਾਣਾ। ਪਰਨਾਰੀ ਦੇ ਸੰਜੋਗ ਕਾਰਨ ਇੰਦ੍ਰ ਸਹਸ-ਭਗਾਂ ਦੇ ਨਿਸ਼ਾਨ ਨਾਲ ਕੁਰੂਪ ਹੋਇਆ। ਪਰਨਾਰੀ ਦੇ ਸੰਗ ਕਾਰਨ ਚੰਦ੍ਰਮਾ ਕਲੰਕਿਤ ਹੋਇਆ। ਪਰਨਾਰੀ ਕਾਰਨ ਰਾਵਣ ਮਾਰਿਆ ਗਿਆ। ਪਰਨਾਰੀ ਕਾਰਨ ਕੌਰਵਾਂ ਦੀ ਵਿਸ਼ਾਲ ਸੈਨਾ ਨਸ਼ਟ ਹੋ ਗਈ। ਪਰਨਾਰੀ ਦੀ ਪ੍ਰੀਤ ਤਿਖੀ ਛੁਰੀ ਸਮਝੋ। ਪਰਨਾਰੀ ਦਾ ਸੰਗ ਸਰੀਰਿਕ ਮੌਤ ਸਮਝੋ। ਪਰਨਾਰੀ ਭੋਗਣ ਵਾਲਾ ਮਕਾਰ ਹੁੰਦਾ ਹੈ। ਉਹ ਚੰਡਾਲ ਹਥੋਂ ਕੁਤੇ ਦੀ ਮੌਤ ਮਰਦਾ ਹੈ। ਮੇਰੇ ਪਿਤਾ ਨੇ ਕਿਹਾ ਸੀ- ਹੇ ਬਾਲਕ ! ਸਾਡੇ ਕੋਲ ਦੂਰ ਦੇਸ਼ਾਂ ਤੋਂ ਨਾਰੀਆਂ ਆਉਂਦੀਆਂ ਹਨ। ਸਾਨੂੰ ਗੁਰੂ ਜਾਣ ਕੇ, ਸੀਸ ਝੁਕਾ ਕੇ ਮਨ-ਬਾਂਛਤ ਵਰਦਾਨ ਪਾਉਂਦੀਆਂ ਹਨ। ਤੂੰ ਹਮੇਸ਼ਾ ਸਿਖਾਂ ਨੂੰ ਪੁਤਰ ਅਤੇ ਇਸਤ੍ਰੀਆਂ ਨੂੰ ਪੁਤਰੀਆਂ ਸਮਝਣਾ। ਹੁਣ ਪਿਤਾ ਜੀ ਦੀ ਪੁਨੀਤ ਸਿਖਿਆ ਵਿਰੁਧ ਮੈਂ ਉਨ੍ਹਾਂ ਪੁਤਰੀਆਂ ਨਾਲ ਕਿਵੇਂ ਕਾਮਭੋਗ ਕਰ ਸਕਦਾ ਹਾਂ ?

ਅਨੂਪ ਕੌਰ : ਤੁਸੀਂ ਹਸਦੇ ਖੇਡਦੇ ਸੁਖ ਪੂਰਵਕ ਮੇਰੇ ਨਾਲ ਆਨੰਦੇ ਮਾਣੋ, ਕਿਉਂ ਅਜਾਈਂ ਰੋਸ ਕਰਦੇ ਹੋ ? ਕਿਉਂ ਫ਼ਜ਼ੂਲ ਵਿਚਾਰਾਂ ਵਿਚ ਪਏ ਹੋ ? ਮੇਰੀਆਂ ਅਖਾਂ ਨੀਵੀਆਂ ਹੋ ਗਈਆਂ ਹਨ ? ਇਨ੍ਹਾਂ ਨੂੰ ਲੱਜਿਤ ਕਰ ਕੇ ਤੁਹਾਨੂੰ ਕੋਈ ਪਾਪ ਨਹੀਂ ਲਗੇਗਾ ?

ਗੁਰੂ ਜੀ : ਮੈਂ ਇਸੇ ਕਰ ਕੇ ਇਨ੍ਹਾਂ ਵਲ ਵੇਖਦਾ ਨਹੀਂ। ਕਿਤੇ ਵਿਜੋਗੇ ਨੈਣਾਂ ਵਿਚ ਮੇਰਾ ਵੀ ਚਿਤ ਨਾ ਲਗ ਜਾਵੇ ? ਮੇਰੇ ਸਿਖਿਆ ਭਰੇ ਬਚਨ ਸੁਣ 'ਬ੍ਰਾਹਮਣਾਂ ਅਰਥਾਤ ਗ਼ਰੀਬਾਂ ਨੂੰ ਦਾਨ ਦਿਓ। ਦੁਸ਼ਟਾਂ ਨੂੰ ਤਾੜ ਕੇ ਰਖੋ। ਸੇਵਕ-ਸਿਖਾਂ ਨੂੰ ਸੁਖੀ ਰਖੋ, ਵੈਰੀਆਂ ਦੇ ਸਿਰ ਤੇ ਤਲਵਾਰ ਖੜਕਾਉਂਦੇ ਰਹੋ। ਲੋਕ-ਲਾਜ ਦਾ ਤਿਆਗ ਕਰ ਕੇ ਬੁਰੇ ਕੰਮ ਨਾ ਕਰੋ। ਪਰ ਨਾਰੀ ਦੀ ਸੇਜ ਭੁਲ ਕੇ ਸੁਪਨੇ ਵਿਚ ਨਾ ਜਾਓ।' ਮੇਰੇ ਤੋਂ ਜਦੋਂ ਦਾ ਗੁਰੂ-ਪਿਤਾ ਜੀ ਨੇ ਪ੍ਰਣ ਲਿਆ ਹੈ, ਮੇਰੇ ਲਈ ਪਰਾਇਆ ਧਨ ਪਥਰ ਸਮਾਨ ਹੈ ਅਤੇ ਪਰਾਈ ਇਸਤ੍ਰੀ ਮਾਤਾ ਸਮਾਨ। (ਇਸ ਲੰਬੇ ਸੰਵਾਦ ਤੋਂ ਬਾਅਦ ਅਨੂਪ ਕੌਰ ਚੋਰ-ਚੋਰ ਦਾ ਸ਼ੋਰ ਮਚਾਉਂਦੀ ਹੈ ਅਤੇ ਗੁਰੂ ਜੀ ਚਤੁਰਾਈ ਨਾਲ ਸਾਰੀਆਂ ਸਥਿਤੀਆਂ ਨੂੰ ਭੇਦ ਕੇ ਉਥੋਂ ਚਲੇ ਜਾਂਦੇ ਹਨ)।

ਕਾਮ ਦੇ ਨਿਖੇਧ ਵਾਸਤੇ ਅਤੇ ਕਾਮ-ਲਿਪਤ ਇਸਤ੍ਰੀ ਦੇ ਕਾਇਆ ਕਲਪ ਕਰਨ ਵਾਸਤੇ ਸਾਹਿਤ ਵਿਚ ਕੋਈ ਹੋਰ ਅਜਿਹੀ ਅਦੁਤੀ ਕ੍ਰਿਤੀ ਲਭਣੀ ਬਹੁਤ ਮੁਸ਼ਕਿਲ ਹੈ। ਇਸ ਵਿਚ ਕੁਝ ਵੀ ਅਜਿਹਾ ਨਹੀਂ, ਜੋ ਸ੍ਰੀ ਗੁਰੂ ਜੀ ਦੇ ਵਿਅਕਤਿਤਵ ਨੂੰ ਛੁਟਿਆਂਦਾ ਹੋਵੇ, ਬਲਕਿ ਇਹ ਵਾਰਤਾਲਾਪ ਗੁਰੂ ਜੀ ਦੇ ਸਰਬ-ਉਚ ਸਦਾਚਾਰਕ ਵਿਵਹਾਰ ਨੂੰ ਜਗਤ ਸਾਹਮਣੇ ਪ੍ਰਸਤੁਤ ਕਰ ਕੇ ਗੁਰੂ ਦਾ ਵਿਸ਼ਾਲ ਗੌਰਵ ਕਾਇਮ ਕਰਨ ਵਾਲਾ ਹੈ।

13. ਡਾ. ਮਾਨ ਨੇ ਆਪਣੇ ਲੇਖ ਵਿਚ ਚਰਿਤ੍ਰੋਪਾਖਿਆਨ ਦੀ ਇਕ ਪੰਕਤੀ 'ਪੂਤ ਹੋਇ ਤੌ ਭਾਂਡ ਵਹ ਸੁਤਾ ਤੌ ਬੇਸਯਾ ਹੋਇ" ਪ੍ਰਸਤੁਤ ਕੀਤੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਇਹ ਪੰਕਤੀ ਬਹੁਤ ਹੀ ਨਿੰਦਿਤ ਪਦ ਹੈ, ਜੋ ਗੁਰੂ ਜੀ ਦੁਆਰਾ ਰਚਿਤ ਨਹੀਂ ਹੋ ਸਕਦਾ। ਪਾਠਕ ਧਿਆਨ ਸਹਿਤ ਵਿਚਾਰ ਕਰਨ। ਗੁਰੂ ਜੀ ਕਹਿ ਰਹੇ ਹਨ ਕਿ ਵੇਸ਼ਵਾ ਨਾਲ ਭੋਗ ਕਰਨ ਤੋਂ "ਜੇ ਪੁਤਰ ਜਨਮ ਲਵੇਗਾ ਤਾਂ ਉਹ ਭੰਡ ਬਣੇਗਾ ਅਤੇ ਜੇ ਲੜਕੀ ਜਨਮ ਲਵੇਗੀ ਤਾਂ ਵੇਸ਼ਵਾ ਬਣੇਗੀ।" ਇਸ ਪੰਕਤੀ ਵਿਚ ਗੁਰੂ ਜੀ ਸਮਾਜ ਨੂੰ ਚੇਤਾਵਨੀ ਦੇ ਕੇ ਸਮਝਾ ਰਹੇ ਹਨ ਕਿ ਵੇਸ਼ਵਾ-ਵ੍ਰਿਤੀ ਦਾ ਮਨੁੱਖਤਾ ਉਤੇ ਕਿਤਨਾ ਬੁਰਾ ਅਸਰ ਪੈਂਦਾ ਹੈ। ਇਸ ਦਾ ਮੰਦਾ ਅਸਰ ਕੇਵਲ ਕਾਮੀ ਇਸਤ੍ਰੀ-ਪੁਰਖ ਤਕ ਸੀਮਿਤ ਨਹੀਂ ਰਹਿ ਜਾਂਦਾ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਦਾ ਸੰਤਾਪ ਭੋਗਣਾ ਪੈਂਦਾ ਹੈ। ਉਹ ਕਹਿੰਦੇ ਹਨ ਕਿ ਬੁਰੇ ਸੰਬੰਧਾਂ ਤੋਂ ਔਲਾਦ ਵੀ ਬੁਰੀ ਪੈਦਾ ਹੁੰਦੀ ਹੈ, ਕਿਉਂਕਿ ਦੂਸ਼ਿਤ ਵਾਤਾਵਰਣ ਵਿਚ ਰਹਿ ਕੇ ਬਚੇ ਦਾ ਬੁਰਾਈਆਂ ਦੀ ਮੈਲ ਤੋਂ ਅਸੰਗ ਰਹਿਣਾ ਮੁਸ਼ਕਿਲ ਹੈ। ਬੁਰੇ ਸੰਬੰਧਾਂ ਤੋਂ ਪੈਦਾ ਹੋਏ ਲੜਕੇ ਭੰਡ ਹੁੰਦੇ ਹਨ ਅਤੇ ਜੇ ਮਾਂ ਵੇਸ਼ਵਾ-ਵ੍ਰਿਤੀ ਵਿਚ ਲਗੀ ਹੈ, ਤਾਂ ਉਹ ਪੁਤਰੀ ਨੂੰ ਵੀ ਉਸ ਨਰਕ ਤੋਂ ਨਹੀਂ ਬਚਾ ਸਕਦੀ। ਇਨ੍ਹਾਂ ਸ਼ਬਦਾਂ ਵਿਚ ਕੀ ਬੁਰਾਈ ਹੈ ? ਇਹ ਤਾਂ ਇਕ ਬਹੁਤ ਹੀ ਸ੍ਰੇਸ਼ਠ ਸਿਖਿਆ ਹੈ, ਜੋ ਸਮਾਜ ਵਿਚ ਉਚ-ਆਚਰਣ ਪ੍ਰਵਾਹਿਤ ਕਰਨ ਦੀ ਅਤਿਅੰਤ ਸਮਰਥਾ ਨਾਲ ਸੁਸਜਿਤ ਹੈ। ਇਸ ਤੁਕ ਤੋਂ ਮਾਨ ਸਾਹਿਬ ਦੀ ਪ੍ਰੇਸ਼ਾਨੀ ਦਾ ਸਿਧਾ ਇਕੋ ਕਾਰਨ ਹੋ ਸਕਦਾ ਹੈ ਕਿ ਸ਼ਾਇਦ ਉਨ੍ਹਾਂ ਦੇ ਉਤਮ ਵਿਚਾਰਾਂ ਅਨੁਸਾਰ ਵੇਸ਼ਵਾਵ੍ਰਿਤੀ ਤੋਂ ਪੁਤ੍ਰ ਸੰਤਜਨ ਜਨਮਦਾ ਹੈ ਅਤੇ ਪੁਤਰੀ ਸੱਤ ਕੁਲਾਂ ਦਾ ਉਧਾਰ ਕਰਨ ਵਾਲੀ।

14. ਡਾ. ਮਾਨ ਨੇ ਪਾਠਕਾਂ ਵਿਚ ਇਹ ਭ੍ਰਮ ਪੈਦਾ ਕਰਨ ਦਾ ਯਤਨ ਕੀਤਾ ਹੈ ਕਿ ਲਾਹੌਰ ਤੋਂ ਪ੍ਰਕਾਸ਼ਿਤ ਹੋਣ ਵਾਲਾ ਸਿੰਘ ਸਭਾ ਲਹਿਰ ਦਾ ਪ੍ਰਤੀਨਿਧ ਪਰਚਾ 'ਖ਼ਾਲਸਾ ਅਖ਼ਬਾਰ' ਸ੍ਰੀ ਦਸਮ ਗ੍ਰੰਥ ਦਾ ਵਿਰੋਧੀ ਸੀ। ਉਹ ਇਸ ਸੰਬੰਧੀ ਡਾ. ਬਲਬੀਰ ਸਿੰਘ ਜੀ ਦੇ ਹਵਾਲੇ ਨਾਲ ਪਰਚੇ ਦੇ 5 ਅਕਤੂਬਰ 1895 ਈ., 11 ਅਕਤੂਬਰ 1895 ਈ. ਅਤੇ 25 ਅਕਤੂਬਰ 1895 ਈ. ਦੇ ਅੰਕਾਂ ਵਿਚ ਛਪੇ ਪਤਰਾਂ ਨੂੰ ਆਧਾਰ ਬਣਾ ਕੇ ਲਿਖਦੇ ਹਨ ਕਿ 'ਸੋਧਕ ਕਮੇਟੀ' ਕੋਲ ਸ੍ਰੀ ਦਸਮ ਗ੍ਰੰਥ ਨੂੰ ਸੋਧਣ ਵਾਸਤੇ ਕੋਈ ਅਸਲੀ ਅਤੇ ਪ੍ਰਮਾਣਿਕ ਬੀੜ ਨਹੀਂ ਸੀ। ਡਾ. ਮਾਨ ਦੇ ਆਪਣੇ ਸ਼ਬਦ ਹਨ "Dr Balbir Singh reported about the letters to editor published in Khalsa Akhbar (mouth piece of Lahore Singh Sabha) on Oct. 5th 1895 AD, Oct. 11th 1895 AD, Oct.25th 1895 AD, Nov. 1st1895 AD, and requesting Sodhak Committee to Find the Original/Authentic Version" ਮੈਂ 'ਖ਼ਾਲਸਾ ਅਖ਼ਬਾਰ' ਦੇ ਅਸਲ ਸੰਬੰਧਿਤ ਅੰਕਾਂ ਨੂੰ ਵੇਖ ਕੇ ਇਹ ਤਥ ਪਾਠਕਾਂ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਤਾਂ 5 ਅਕਤੂਬਰ 1895 ਈ. ਦਾ ਕੋਈ ਅੰਕ ਹੀ ਨਹੀਂ, ਉਸ ਵਿਚ ਛਪਣਾ ਕੀ ਸੀ ? ਕਿਸੇ ਸੂ. ਪ. ਦੇ ਅਨਾਮ ਲੇਖਕ ਦਾ ਪਤਰ 4 ਅਕਤੂਬਰ 1895 ਈ. ਦੇ ਅੰਕ ਵਿਚ ਉਪਲਬਧ ਹੈ। ਇਹ ਸੂ. ਪ. ਕਿਹੜਾ ਗ੍ਰੰਥ ਹੈ ਅਜੇ ਅਸੀਂ ਸਮਝ ਨਹੀਂ ਸਕੇ। ਹਾਂ ਇਹ ਸੂਰਜ ਪ੍ਰਕਾਸ਼ ਨਹੀਂ ਬਣਦਾ, ਪਰ ਲੇਖਕ ਸ੍ਰੀ ਦਸਮ ਗ੍ਰੰਥ ਦਾ ਗੂੜ੍ਹ ਪਾਠੀ, ਵਿਚਾਰਕ ਅਤੇ ਦ੍ਰਿੜ੍ਹ ਵਿਸ਼ਵਾਸੀ ਹੈ। 4 ਅਕਤੂਬਰ 1895 ਈ. ਦੇ ਖ਼ਾਲਸਾ ਅਖ਼ਬਾਰ ਵਿਚ ਸੂ. ਪ. ਦਾ ਲੇਖਕ ਆਪਣੇ ਪੱਤਰ ਵਿਚ ਕੇਵਲ ਅਸ਼ੁਧੀਆਂ ਦਾ ਜ਼ਿਕਰ ਕਰਦਾ ਹੈ, ਬਾਣੀਆਂ ਦੇ ਗੁਰੂ-ਕ੍ਰਿਤ ਹੋਣ ਉਤੇ ਉਸ ਨੂੰ ਰਤਾ ਭਰ ਵੀ ਸੰਸ਼ਯ ਨਹੀਂ। ਸਗੋਂ ਉਹ ਇਨ੍ਹਾਂ ਬਾਣੀਆਂ ਨੂੰ ਗੁਰਬਾਣੀ ਵਾਂਗ ਪਵਿਤਰ ਮੰਨ ਕੇ ਇਨ੍ਹਾਂ ਨੂੰ ਪੂਰਨ ਸ਼ੁਧ ਰੂਪ ਵਿਚ ਲਿਖਣ ਵਾਸਤੇ ਪੰਥ ਨੂੰ ਸਚੇਤ ਕਰਨ ਦਾ ਪ੍ਰਯਤਨ ਕਰਦਾ ਹੈ। 'ਅਕਾਲ ਉਸਤਤਿ' ਦੇ ਜਿਨ੍ਹਾਂ ਪਦਾਂ ਨੂੰ ਡਾ. ਮਾਨ ਗੁਰੂ-ਕ੍ਰਿਤ ਨਹੀਂ ਮੰਨਦਾ ਪਤਰ ਲੇਖਕ ਕਹਿੰਦਾ ਹੈ "2. ਅਕਾਲ ਉਸਤਤਿ 221 ਵਿਖੇ ਪ੍ਰਾਚੀਨ ਪਾਠ ਹੈ 'ਜੈ ਜੈ ਹੋਸੀ ਮਹਖਾਸੁਰ ਮਰਦਨ, ਰੰਮ ਕਪਰਦਨ ਛਤ੍ਰ ਛਿਤੇ' ਇਸ ਵਿਚ ਸੋਧਕਾਂ ਨੇ 'ਕਪਰਦਨ' ਦਾ 'ਕਪ੍ਰਦਨ' ਬਣਾ ਦਿੱਤਾ ਹੈ।... ਚੰਡੀ ਚਰਿਤ੍ਰ 12 ਵਿਚ ਪਾਠ ਹੈ "ਫੂਲ ਮਾਲ ਹੁਐ ਮਾਤ ਉਰ ਸੋਭੇ ਸਭੇ ਸੁਧਾਰ' ਇਥੇ ਸੋਧਕ ਲਿਖਦੇ ਹਨ ਕਿ ਮਾਤ ਦੀ ਥਾਂ ਪਾਤ ਬੀ ਪਾਰੀਤ੍ਰ ਹੈ।" 11 ਅਕਤੂਬਰ 1895 ਈ. ਦੇ ਪਤਰ ਵਿਚ ਉਹੀ ਲੇਖਕ ਕਹਿੰਦਾ ਹੈ "ਵਾਰ ਪੌੜੀ 5 ਵਿਚ ਹੈ 'ਦੁਰਗਾ ਬੈਣ ਸੁਣੰਦੀ ਹਸੀ ਹੜ ਹੜਾਇ, ਚਿੰਤਾ ਕਰੋ ਨਾ ਕਾਈ ਦੇਵਾਂ ਨੂੰ ਆਖਿਆ' ਏਥੇ ਸੋਧਕ ਸਭਾ ਦੇਵਾਂ ਦੀ ਬਿੰਦੀ ਨੂੰ ਉੜਾਉਂਦੀ ਹੈ।...... ਪਤਰ ਵਿਚ ਲਿਖਿਆ ਹੈ ਕਿ ਸੋਧਕਾਂ ਨੇ ਅਧਕਾਂ ਦਾ ਤਾਂ ਅਜਿਹਾ ਸ਼ਿਕਾਰ ਕੀਤਾ ਹੈ ਕਿ ਗੁਰੂ ਸਾਹਿਬ ਦੀ ਪੁਰਜੋਸ਼ ਬਾਣੀ ਵਿਚੋਂ ਜੋਸ਼ ਦਾ ਅਸਰ ਕਢ ਦਿੱਤਾ ਹੈ।... ਦਸਮ ਗੁਰੂ ਦੀ ਬਾਣੀ (ਮਾਰਸ਼ਲ) ਫੌਜੀ ਹੈ ਅਰਥਾਤ ਕਮਜ਼ੋਰ ਨੂੰ ਬੀ ਹੌਸਲਾ ਬਨਾ ਦਿੰਦੀ ਹੈ।" ਸਪਸ਼ਟ ਹੈ ਲੇਖਕ ਸ੍ਰੀ ਦਸਮ ਗ੍ਰੰਥ ਦੀ ਸੋਧ ਧਿਆਨ ਸਹਿਤ ਕਰਨ ਦੀ ਪ੍ਰੇਰਨਾ ਦੇਂਦਾ ਹੈ, ਬਾਣੀ ਦਾ ਵਿਰੋਧ ਨਹੀਂ ਕਰਦਾ। ਇਸ ਪਤਰ ਲੇਖਕ ਨੂੰ 'ਸੋਧਕ ਕਮੇਟੀ' ਦਾ ਨੁਮਾਇੰਦਾ ਗਿਆਨੀ ਸਰਦੂਲ ਸਿੰਘ 25 ਅਕਤੂਬਰ 1895 ਈ. ਦੇ ਅੰਕ ਵਿਚ ਸਖ਼ਤ ਸ਼ਬਦਾਵਲੀ ਵਿਚ ਉਤਰ ਦੇਂਦਾ ਹੈ। ਪਤਰ ਲੇਖਕ ਨੂੰ ਆਪਣੀ ਵਿਦਵਾਨ ਮੰਡਲੀ ਸਹਿਤ ਸੋਧਕ ਕਮੇਟੀ ਵਿਚ ਸ਼ਾਮਿਲ ਹੋਣ ਦਾ ਨਿਮੰਤ੍ਰਣ ਦੇਂਦਿਆਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਜਿਹੜੀਆਂ ਅਸ਼ੁਧੀਆਂ ਦਾ ਜ਼ਿਕਰ ਪਤਰ- ਲੇਖਕ ਨੇ ਕੀਤਾ ਹੈ, ਉਹ ਅਸਲੀਅਤ ਤੋਂ ਦੂਰ ਕੇਵਲ ਸੁਣੀਆਂ-ਸੁਣਾਈਆਂ ਬਾਤਾਂ ਹਨ। 1 ਨਵੰਬਰ 1895 ਦੇ ਪੱਤਰ ਵਿਚ ਸੂ. ਪ. ਦਾ ਲੇਖਕ 'ਸੋਧਕ ਕਮੇਟੀ' ਨੂੰ ਹੋਰ ਪ੍ਰਾਚੀਨ ਨੁਸਖ਼ੇ ਲਭਣ ਲਈ ਕਹਿੰਦਾ ਹੈ। ਇਹੋ ਲੇਖਕ 8 ਨਵੰਬਰ 1895 ਈ. ਦੇ ਅੰਕ ਵਿਚ ਗੁਰੂ ਗ੍ਰੰਥ ਸਾਹਿਬ ਅਰ ਗ੍ਰੰਥ ਸਾਹਿਬਾਂ ਦੇ ਪੁਰਾਣੇ ਤੋਂ ਪੁਰਾਣੇ ਭਾਗ ਲਭਣ ਵਾਸਤੇ ਪ੍ਰੇਰਨਾ ਦਿੰਦਾ ਹੈ। 15 ਨਵੰਬਰ 1895 ਈ. ਦੇ ਅੰਕ ਵਿਚ ਪਤਰ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੋਧ ਉਤੇ ਕਿੰਤੂ ਕੀਤੇ ਹਨ। ਹੁਣ ਡਾ. ਮਾਨ ਦਸਣ ਕਿ ਜੇ ਇਸ ਪਤਰ ਲੇਖਕ ਦੇ ਵਿਚਾਰਾਂ ਨੂੰ ਬਾਈਬਲ ਮੰਨ

ਕੇ ਸ਼੍ਰੀ ਦਸਮ ਗ੍ਰੰਥ ਨੂੰ ਅਪ੍ਰਮਾਣਿਕ ਮੰਨ ਲਈਏ, ਤਾਂ ਉਸੇ ਦੇ ਵਿਚਾਰਾਂ ਨੂੰ ਉਚਤਮ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਉਤੇ ਸੰਦੇਹ ਕਿਵੇਂ ਨਹੀਂ ਉਬਰਨਗੇ ?

ਪਾਠਕ ਜੀ ਡਾ. ਮਾਨ ਕਿਸ ਕਿਸਮ ਦੇ ਸਕੈਂਡਲ ਰਚ ਸਕਦੇ ਹਨ, ਉਹ ਇਸ ਤਥ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਪਰ ਚਰਚਿਤ ਪਤਰਾਂ, ਜੋ 'ਖ਼ਾਲਸਾ ਅਖ਼ਬਾਰ' ਨੇ ਪਤਰਕਾਰੀ ਦੀ ਫ਼ਰਜ਼ ਪੂਰਤੀ ਵਾਸਤੇ ਪਾਠਕਾਂ ਦੇ ਪਤਰ ਵਜੋਂ ਸ਼ਾਮਿਲ ਕੀਤੇ ਹਨ ਅਤੇ ਦੂਜੀ ਧਿਰ ਵਲੋਂ ਦਿਤੇ ਪੱਤਰ ਨੂੰ ਵੀ ਉਸੇ ਭਾਵ ਨਾਲ ਛਾਪਿਆ ਹੈ, ਦੇ ਆਧਾਰ ਤੇ ਡਾ. ਮਾਨ ਨੇ ਅਕਾਦਮਿਕਤਾ ਦੇ ਉਜਵ੍ਲ ਮਥੇ ਨੂੰ ਅਪਰਾਧਿਕ ਫਰਾਡ ਨਾਲ ਇੰਞ ਕਲੰਕਿਤ ਕੀਤਾ ਹੈ ਕਿ ਘੋਰ ਪਾਪ ਅਤੇ ਸਿਆਹ-ਕਲੰਕ ਵੀ ਸ਼ਰਮਿੰਦਾ ਹੋ ਜਾਣ। ਇਨ੍ਹਾਂ ਪਤਰਾਂ ਤੋਂ ਸਿਰਜੇ ਝੂਠ ਦੇ ਦਰਸ਼ਨ ਕਰੋ-

"Lahore Singh Sabha with 118 associations DID NOT recognize this newly Dasam Pathshai Guru Granth Sahib finally compiled by Sodhak Committee. Three articles were published in their Newspaper Khalsa Akhbar Lahore against this committee on October 4th, 25th & November1st 1895. They questioned the committee on authenticity issues. ਅਰਥਾਤ 118 ਸਭਾਵਾਂ ਸਹਿਤ ਸਿੰਘ ਸਭਾ ਲਾਹੌਰ ਨੇ ਸੋਧਕ ਕਮੇਟੀ ਦੁਆਰਾ ਸੰਕਲਿਤ ਕੀਤੇ ਦਸਵੀਂ ਪਾਤਸ਼ਾਹੀ ਦੇ ਗ੍ਰੰਥ ਸਾਹਿਬ ਨੂੰ ਅਪ੍ਰਵਾਣ ਕਰ ਦਿਤਾ। ਉਨ੍ਹਾਂ ਦੇ ਸਮਾਚਾਰ ਪਤਰ ਖ਼ਾਲਸਾ ਅਖ਼ਬਾਰ ਦੇ 4 ਅਕਤੂਬਰ, 25 ਅਕਤੂਬਰ ਅਤੇ 1 ਨਵੰਬਰ 1895 ਈ. ਦੇ ਅੰਕਾਂ ਵਿਚ ਇਸ ਕਮੇਟੀ ਦੇ ਵਿਰੁਧ ਤਿੰਨ ਲੇਖ ਪ੍ਰਕਾਸ਼ਿਤ ਹੋਏ ਸਨ। ਉਨ੍ਹਾਂ ਨੇ ਪ੍ਰਮਾਣਿਕਤਾ ਦੇ ਮੁਦੇ ਤੇ ਕਮੇਟੀ ਨੂੰ ਚੁਨੌਤੀ ਦਿਤੀ ਸੀ।" ਡਾ. ਮਾਨ ਦੁਆਰਾ ਸਿਰਜੇ ਇਸ ਅਸਤਿ ਨੇ ਮੇਰੇ ਮਨ ਵਿਚ ਉਨ੍ਹਾਂ ਦੀ ਨੀਯਤ ਪ੍ਰਤੀ ਦ੍ਰਿੜ੍ਹ ਸੰਦੇਹ ਪੈਦਾ ਕਰ ਦਿਤਾ ਹੈ। ਬਹੁਤ ਸਪਸ਼ਟ ਹੈ ਕਿ ਉਹ ਈਮਾਨਦਾਰੀ ਨਾਲ ਸਿਖ ਹਿਤਾਂ ਵਿਚ ਨਹੀਂ ਲਿਖ ਰਹੇ, ਬਲਕਿ ਸੰਦਿਗਧ ਕਾਰਨਾਂ ਕਰ ਕੇ ਝੂਠੇ ਅਤੇ ਮਨਘੜੰਤ ਤਥਾਂ ਨੂੰ ਪ੍ਰਚਾਰ ਕੇ ਪੰਥ ਨੂੰ ਦੁਵਿਧਾ ਵਿਚ ਡੋਬ ਰਹੇ ਹਨ। 4 ਅਕਤੂਬਰ, 25 ਅਕਤੂਬਰ ਅਤੇ 1 ਨਵੰਬਰ 1895 ਈ. ਨੂੰ ਇਸ ਸੰਬੰਧ ਵਿਚ ਕਿਸੇ ਪਾਠਕ ਦੇ ਪਤਰ ਅਖ਼ਬਾਰ ਨੇ ਪ੍ਰਕਾਸ਼ਿਤ ਕੀਤੇ ਸਨ, ਜਿਨ੍ਹਾਂ ਦਾ ਵਰਣਨ ਅਸੀਂ ਪਹਿਲਾਂ ਕਰ ਚੁਕੇ ਹਾਂ। ਪਰ 'ਖ਼ਾਲਸਾ ਅਖ਼ਬਾਰ' ਦੇ ਇਨ੍ਹਾਂ ਅੰਕਾਂ ਵਿਚ ਕਿਤੇ ਵੀ ਕਿਸੇ ਵੀ ਸੰਸਥਾ ਨੇ ਸ਼੍ਰੀ ਦਸਮ ਗ੍ਰੰਥ ਦੀ ਬਾਣੀ ਨੂੰ ਕੋਈ ਚੁਨੌਤੀ ਨਹੀਂ ਦਿਤੀ। ਮੇਰੀ ਡਾ. ਮਾਨ ਨੂੰ ਇਹ ਚੁਨੌਤੀ ਹੈ ਕਿ ਆਪਣੇ ਉਪਰੋਕਤ ਵਿਚਾਰਾਂ ਨੂੰ 'ਖ਼ਾਲਸਾ ਅਖ਼ਬਾਰ' ਦੁਆਰਾ ਪ੍ਰਮਾਣਿਤ ਕਰ ਦੇਣ ਮੈਂ ਉਨ੍ਹਾਂ ਨੂੰ ਹਡੀਆਂ ਦਾ ਡਾ. ਕਹਿਣਾ ਛਡ ਕੇ ਸਿਖ ਧਰਮ-ਸ਼ਾਸਤ੍ਰੀ ਪ੍ਰਵਾਣ ਕਰ ਲਵਾਂਗਾ।

15. ਡਾ. ਜਸਬੀਰ ਸਿੰਘ ਮਾਨ ਮੈਨੂੰ ਭਾਈ ਮਨੀ ਸਿੰਘ ਵਾਲੀ ਬੀੜ ਲਭਣ ਦੀ ਨਸੀਅਤ ਦੇ ਰਹੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਰਾਜਾ ਗੁਲਾਬ ਸਿੰਘ ਦੇ ਵੰਸ਼ਜਾਂ ਦੀ ਭਾਲ ਕਰ ਕੇ ਅਸਲ ਬੀੜ ਦੇ ਦਰਸ਼ਨ ਕਰ ਆਉਣ। ਮੈਂ ਉਨ੍ਹਾਂ ਦਾ ਕੋਈ ਤਨਖ਼ਾਹਦਾਰ ਸਿਪਾਹੀ ਨਹੀਂ ਕਿ ਉਨ੍ਹਾਂ ਦੀ ਪਾਵਨ ਆਗਿਆ ਹੁੰਦਿਆਂ ਹੀ, ਝੋਲਾ ਚੁਕ ਕੇ ਹੁਕਮ ਕੀਤੇ ਸਥਾਨ ਤੇ ਪੁਜ ਜਾਵਾਂਗਾ। ਮੈਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਕਰਤਾਰਪੁਰੀ ਬੀੜ ਜਾਂ ਦਮਦਮਾ ਸਾਹਿਬ ਵਿਖੇ ਲਿਖੀ ਗਈ ਬੀੜ ਦੇ ਦਰਸ਼ਨ ਨਹੀਂ ਕੀਤੇ, ਫਿਰ ਵੀ ਆਦਿ ਗ੍ਰੰਥ ਨੂੰ ਸ਼੍ਰੀ ਗੁਰੂ ਜੀ ਦੀ ਪ੍ਰਮਾਣਿਕ ਕ੍ਰਿਤੀ ਮੰਨ ਕੇ ਸਨਮਾਨ ਦੇਂਦਾ ਹਾਂ। ਜੋ ਵਿਅਕਤੀ ਨਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਕਵੀ ਹੋਣ ਤੇ ਵਿਸ਼ਵਾਸ ਕਰੇ, ਨਾ ਸ਼੍ਰੀ ਦਸਮ ਗ੍ਰੰਥ ਵਿਚ ਆਏ ਪ੍ਰਮਾਣਿਕ ਸੰਨ-ਸੰਵਤਾਂ ਤੇ, ਨਾ ਅਠਾਰਵੀਂ ਸਦੀ ਦੇ ਸਿਖ ਸਾਹਿਤ ਤੇ, ਨਾ ਗਿਆਨੀ ਗਿਆਨ ਸਿੰਘ ਅਤੇ ਭਾਈ ਕਾਨ੍ਹ ਸਿੰਘ ਵਰਗੇ ਵਿਦਵਾਨਾਂ ਤੇ, ਨਾ ਮੈਲਕਮ ਤੋਂ ਕਨਿੰਘਮ ਤਕ ਪਛਮੀ ਵਿਦਵਾਨਾਂ ਦੀਆਂ ਲਿਖਤਾਂ ਉਤੇ ਅਤੇ ਜੋ ਵਿਅਕਤੀ ਕੇਵਲ ਝੂਠੇ ਤਥ ਸਿਰਜਣ ਅਤੇ ਰਚਨਾਵਾਂ ਵਿਚ ਮਿਲਾਵਟ ਕਰਨ ਦਾ ਆਦੀ ਹੋਵੇ, ਉਸ ਵਿਅਕਤੀ ਦੀ ਸੰਦੇਹਵਾਦਿਤਾ ਦਾ ਇਲਾਜ ਕਿਸੇ ਵਿਦਵਾਨ ਜਾਂ ਧਰਮ-ਪੁਸਤਕ ਕੋਲ ਨਹੀਂ ਹੁੰਦਾ।

16. ਅਸਲ ਵਿਚ ਡਾ. ਮਾਨ ਨੇ ਉਹ ਚਰਚਾ ਛੇੜ ਲਈ ਹੈ, ਜੋ ਉਨ੍ਹਾਂ ਦਾ ਖੇਤਰ ਨਹੀਂ। ਇਸ ਲਈ ਵਿਸ਼ੇ ਨਾਲ ਇਨਸਾਫ਼ ਦੀ ਤਵੱਕੋਂ ਉਨ੍ਹਾਂ ਤੋਂ ਕੀਤੀ ਹੀ ਨਹੀਂ ਜਾ ਸਕਦੀ। ਜਿਸ ਕੁੜਿਕੀ ਵਿਚ ਉਹ ਫਸ ਗਏ ਹਨ, ਮਾਨਸਿਕ ਸੰਤੁਲਨ ਰਖਣਾ ਮੁਸ਼ਕਿਲ ਹੈ। ਅਜਿਹੀ ਵਿਕ੍ਰਿਤੀ ਦਾ ਸ਼ਿਕਾਰ ਹੋ ਕੇ ਉਹ ਬਚਣ ਲਈ ਰਾਹ ਦੀ ਭਾਲ ਵਿਚ ਇਕ ਹੋਰ ਨਿਕੰਮੀ ਜਿਹੀ ਯੁਕਤੀ ਸਿਰਜ ਬੈਠੇ ਹਨ। ਪਾਠਕਾਂ ਅਗੇ ਨਿਵੇਦਨ ਹੈ ਕਿ ਉਨ੍ਹਾਂ ਦੇ ਇਸ ਕਥਨ ਨੂੰ ਉਤਸੁਕਤਾ ਨਾਲ ਪੜਤਾਲਿਆ ਜਾਵੇ "The only question before the Sikh Panth in 1920,s AD was "what are the Banis recited during Amrit sanchar? Because review of literature produced before 1900 CE showed lot of variations on this issue and there were many Maryadas being followed by different groups. Therefore this was the gigantic task before Sikh leadership in early 1920's to settle this Panthic issue. They then only followed what 10th Guru gave the final order for the Sikhs which is accepted by scholars & Sikh Panth that "Guru Granth is the spiritual Guru onwards from Oct 1708 CE & Five Khalsa (Concept of Panch Pardhan) as physical Guru. If there is any issue for the Panth, then it can be decided by consensus of Khalsa Panth based on bani / Shabad in Guru Granth Sahib. Bani of SGGS is the sole Guru for Sikhs and a sole canon to accept any idea, concept, suggestion, and any writing." GURU PANTH based upon above concept accepted writings of 10th Guru in Sikh Rahat Maryada which were sanctified by Guru Panth (1927-1945). Therefore such compositions as accepted by the Panth are final and unquestionable and cannot be challenged by anybody. Japu Sahib, 10 swaeyas (swarg Sudu Waley 21-30 akal ustit) and Kabio Benti Chaupai up to end of hymn "Dust dokh tay loh Bachai" as writings of 10th Guru (as sanctioned Rehat Maryada). ਅਰਥਾਤ 1920ਵਿਆਂ ਵਿਚ ਸਿਖ ਪੰਥ ਸਾਹਮਣੇ ਇਕ ਸਵਾਲ ਸੀ ਕਿ ਅਮ੍ਰਿਤ ਸੰਚਾਰ ਵੇਲੇ ਕਿਹੜੀਆਂ ਬਾਣੀਆਂ ਪੜ੍ਹਨੀਆਂ ਹਨ ?

(ਪਾਠਕਾਂ ਨੂੰ ਬੇਨਤੀ ਹੈ ਕਿ ਜ਼ਰਾ ਪਰਮ-ਬੁਧੀਮਾਨ ਅਕਾਦਮਿਕਤਾ-ਸਿਰਮੌਰ ਡਾ. ਮਾਨ ਦੇ ਲਿਖਣ ਦਾ ਢੰਗ ਵੇਖੋ। ਪਾਠਕ ਨੂੰ ਕੋਈ ਸਮਝ ਨਹੀਂ ਆਉਂਦੀ ਕਿ ਲੇਖਕ ਨੇ ਪੰਕਤੀਆਂ ਕਿਉਂ ਕਾਮਿਆਂ ਵਿਚ ਰਖੀਆਂ ਹਨ ? ਕਿਥੋਂ ਤਕ ਰਖੀਆਂ ਹਨ ? ਕਿਥੋਂ ਕਾਮੇ ਸ਼ੁਰੂ ਕੀਤੇ ਹਨ ? ਕਿਥੇ ਬੰਦ ਕੀਤੇ ਹਨ ?) ਕਿਉਂਕਿ 1900 ਈ. ਤੋਂ ਪਹਿਲਾਂ ਲਿਖੇ ਸਾਹਿਤ ਦੀ ਪੁਣ-ਛਾਣ ਇਸ ਸੰਬੰਧੀ ਮਤ-ਭੇਦ ਸਾਹਮਣੇ ਲਿਆਉਂਦੀ ਸੀ ਅਤੇ ਵਖ-ਵਖ ਜਥਿਆਂ ਵਿਚ ਕਈ ਤਰ੍ਹਾਂ ਦੀ ਮਰਯਾਦਾ ਪ੍ਰਵਾਹਿਤ ਸੀ। ਇਸ ਤਰ੍ਹਾਂ 1920ਵੇਂ ਦੇ ਆਰੰਭ ਵਿਚ ਸਿਖ ਆਗੂਆਂ ਸਾਹਮਣੇ ਸਮਾਧਾਨ ਲਈ ਇਹ ਇਕ ਬਹੁਤ ਵਡੀ ਪੰਥਕ ਸਮਸਿਆ ਸੀ। ਉਸ ਸਮੇਂ ਉਨ੍ਹਾਂ ਦਸਵੇਂ ਪਾਤਸ਼ਾਹ ਦੇ ਸਿਖਾਂ ਪ੍ਰਤੀ ਅੰਤਿਮ ਆਦੇਸ਼ ਦਾ ਅਨੁਸਰਣ ਕੀਤਾ, ਜਿਸ ਨੂੰ ਵਿਦਵਾਨਾਂ ਅਤੇ ਸਿਖ ਪੰਥ ਨੇ ਸਵੀਕਾਰ ਕੀਤਾ ਕਿ ਅਕਤੂਬਰ 1708 ਈ. ਤੋਂ ਗੁਰੂ ਗ੍ਰੰਥ ਸਾਹਿਬ, ਉਨ੍ਹਾਂ ਦੇ ਅਧਿਆਤਮਕ ਗੁਰੂ ਹਨ ਅਤੇ ਪੰਜ ਖ਼ਾਲਸੇ ਸਾਰੀਰਿਕ ਗੁਰੂ। ਸਿਖ ਪੰਥ ਸਾਹਮਣੇ ਜੋ ਵੀ ਕੋਈ ਸਮਸਿਆ ਹੋਵੇਗੀ, ਉਸ ਦਾ ਸਮਾਧਾਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਾਂ ਸ਼ਬਦ ਦੇ ਆਧਾਰ ਤੇ ਪੰਥ ਦੀ ਆਮ ਸਹਿਮਤੀ ਨਾਲ ਕੀਤਾ ਜਾਵੇਗਾ। ਸਿਖਾਂ ਵਾਸਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਗੁਰੂ ਹੋਵੇਗੀ ਅਤੇ ਕਿਸੇ ਵਿਚਾਰ, ਸੰਕਲਪ, ਸੁਝਾਅ ਅਤੇ ਲਿਖਿਤ ਨੂੰ ਸਵੀਕਾਰ ਕਰਨ ਵਾਸਤੇ ਕੇਵਲ ਇਹੋ ਆਧਾਰਭੂਤ ਨਿਯਮ ਹੋਵੇਗਾ। ਇਸੇ ਸੰਕਲਪ ਦੇ ਆਧਾਰ ਤੇ ਗੁਰੂ ਪੰਥ ਨੇ ਦਸਵੇਂ ਪਾਤਸ਼ਾਹ ਦੀਆਂ ਬਾਣੀਆਂ ਨੂੰ ਪੰਥ ਪ੍ਰਵਾਣਿਤ ਸਿਖ ਰਹਿਤ ਮਰਯਾਦਾ ਵਿਚ ਸਥਾਨ ਦੇ ਦਿਤਾ। ਇਸ ਲਈ ਜਾਪ ਸਾਹਿਬ, 10 ਸਵਈਏ ਅਤੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ ਕਬਿਓ ਬੇਨਤੀ ਚੌਪਈ ਕਿੰਤੂ-ਮੁਕਤ ਅਤੇ ਅੰਤਿਮ ਰਚਨਾਵਾਂ ਹਨ, ਜੋ ਪੰਥ ਨੇ ਪ੍ਰਵਾਣ ਕੀਤੀਆਂ ਹਨ। ਕੀ ਡਾ. ਮਾਨ ਦਸ ਸਕਦੇ ਹਨ ਕਿ ਜੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਸਿਖ ਪੰਥ ਵਿਚ ਪ੍ਰਵਾਣਿਤ ਹੈ, ਤਾਂ ਅਮ੍ਰਿਤ ਦੀਆਂ ਪੰਜ ਬਾਣੀਆਂ ਵਿਚ ਤਿੰਨ ਸ੍ਰੀ ਦਸਮ ਗ੍ਰੰਥ ਦੀਆਂ ਕਿਵੇਂ ਸ਼ਾਮਿਲ ਹੋ ਗਈਆਂ ?

ਮੇਰਾ ਮੰਨਣਾ ਹੈ ਕਿ ਅਮ੍ਰਿਤ ਦੀ ਆੜ ਵਿਚ ਡਾ. ਮਾਨ ਦੇ ਉਚਾਰੇ ਉਪਰੋਕਤ ਬਚਨ ਕੌਮ ਲਈ ਹਲਾਹਲ ਜ਼ਹਿਰ ਹਨ, ਕਿਉਂਕਿ ਉਨ੍ਹਾਂ ਦਾ ਇਹ ਝੂਠ ਆਧਾਰਿਤ ਬਿਆਨ ਬਹੁਤ ਚਤੁਰਾਈ ਨਾਲ ਸਿਖਾਂ ਨੂੰ ਠਗਣ ਦੀ ਸਾਜ਼ਿਸ਼ ਦਾ ਹਿਸਾ ਹੈ। ਜੇ ਅਮ੍ਰਿਤ ਦੀਆਂ ਬਾਣੀਆਂ ਹੀ ਪੰਥ ਪ੍ਰਵਾਣਿਤ ਹਨ, ਤਾਂ ਜਪੁ ਜੀ ਅਤੇ ਆਨੰਦ ਸਾਹਿਬ ਨੂੰ ਛਡ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਕੀ ਬਾਣੀ ਦਾ ਕੀ ਬਣੇਗਾ ? ਚਲੋ ਨਿਤਨੇਮ ਵਿਚ ਰਹਿਰਾਸ, ਸੋਹਿਲਾ, ਆਸਾ ਕੀ ਵਾਰ ਅਤੇ ਆਰਤੀ ਵੀ ਲੈ ਲਈਏ, ਤਾਂ ਬਾਕੀ ਆਦਿ ਗ੍ਰੰਥ ਦਾ ਕੀ ਬਣੇਗਾ ? ਜੇ ਕੇਵਲ ਰਹਿਤ ਮਰਯਾਦਾ ਵਿਚ ਚਰਚਿਤ ਬਾਣੀਆਂ ਹੀ ਪੰਥ ਪ੍ਰਵਾਣਿਤ ਹਨ, ਤਾਂ ਗੁਰੂ ਗ੍ਰੰਥ ਸਾਹਿਬ ਦਾ ਬਹੁਤਾ ਭਾਗ ਪੰਥ ਦੀ ਪ੍ਰਵਾਣਗੀ ਤੋਂ ਬਿਨਾ ਸਿਧ ਹੋ ਜਾਵੇਗਾ। ਅਸੀਂ ਉਪਰ ਪ੍ਰਮਾਣਾਂ ਸਹਿਤ ਲਿਖ ਆਏ ਹਾਂ ਕਿ ਪੰਥ ਪ੍ਰਵਾਣਿਤ 'ਸਿਖ ਰਹਿਤ ਮਰਯਾਦਾ' ਵਿਚ ਦਸਵੇਂ ਪਾਤਸ਼ਾਹ ਦੀ ਬਾਣੀ ਤੇ ਵਿਸ਼ਵਾਸ ਕਰਨਾ ਲਾਜ਼ਮੀ ਦਸਿਆ ਹੈ, ਪਰ ਡਾ. ਮਾਨ ਸ੍ਰੀ ਦਸਮ ਗ੍ਰੰਥ ਨੂੰ ਨਕਾਰਨ ਵਾਸਤੇ ਹਰ ਸੰਭਵ ਯੁਕਤੀ ਸਿਰਜਦੇ ਹਨ, ਭਾਵੇਂ ਉਹ ਕਿਤਨੀ ਅਸਤਿ, ਨਿਰਾਧਾਰ ਅਤੇ ਪੰਥ-ਧ੍ਰੋਹੀ ਹੋਵੇ। ਉਨ੍ਹਾਂ ਦੀ ਲਿਖਿਤ ਤੋਂ ਬਹੁਤ ਸਪਸ਼ਟ ਹੈ ਕਿ ਉਹ ਅੰਤਰਮਨ ਤੋਂ ਸਮਝਦੇ ਹਨ ਕਿ ਸਮੁਚਾ ਸ੍ਰੀ ਦਸਮ ਗ੍ਰੰਥ ਗੁਰੂ-ਕ੍ਰਿਤ ਹੈ, ਪਰ ਉਹ ਅਣਜਾਣੇ ਕਾਰਨਾਂ ਕਰ ਕੇ ਆਪਣੀ ਹਠਧਰਮਿਤਾ ਲਈ ਅਸਤਿ ਲਿਖਣ ਵਾਸਤੇ ਸ਼ਾਇਦ ਮਜ਼ਬੂਰ ਹਨ।

17. ਡਾ. ਮਾਨ ਪਾਠਕਾਂ ਨੂੰ ਪਥ-ਭ੍ਰਸ਼ਟ ਕਰਨ ਵਾਸਤੇ ਵਾਰ-ਵਾਰ ਪ੍ਰਮਾਣਾਂ ਸਹਿਤ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਕੋਈ ਗ੍ਰੰਥ ਨਹੀਂ। ਇਸ ਮੁਦੇ ਤੇ ਮੇਰਾ ਉਨ੍ਹਾਂ ਨਾਲ ਰਤਾ ਭਰ ਵੀ ਮੱਤਭੇਦ ਨਹੀਂ। ਨਾ ਮੇਰੀ ਉਨ੍ਹਾਂ ਨਾਲ ਇਸ ਮੁਦੇ ਉਤੇ ਬਹਿਸ ਹੋ ਰਹੀ ਹੈ। ਮੇਰਾ ਉਨ੍ਹਾਂ ਦਾ ਵਿਵਾਦ ਹੇਠ ਲਿਖਿਆਂ ਮੁਦਿਆਂ ਉਤੇ ਹੈ-

1. ਸ੍ਰੀ ਦਸਮ ਗ੍ਰੰਥ ਦੀ ਬਾਣੀ ਗੁਰੂ-ਕ੍ਰਿਤ ਹੈ ਜਾਂ ਨਹੀਂ ?
2. ਸ੍ਰੀ ਦਸਮ ਗ੍ਰੰਥ ਦੀ ਬਾਣੀ ਗੁਰਮਤਿ ਦੇ ਅਨੁਸਾਰ ਹੈ ਜਾਂ ਉਲਟ।
3. ਸ੍ਰੀ ਦਸਮ ਗ੍ਰੰਥ ਅੰਗਰੇਜ਼ਾਂ ਨੇ ਲਿਖਵਾਇਆ ਹੈ ਜਾਂ ਨਹੀਂ ?

ਡਾ. ਮਾਨ ਨੂੰ ਬੇਨਤੀ ਹੈ ਕਿ ਉਹ ਸਿਖਾਂ ਦਾ ਭਾਵਨਾਤਮਕ ਸ਼ੋਸ਼ਣ ਕਰਨ ਵਾਸਤੇ ਵਾਰ-ਵਾਰ ਆਦਿ ਗ੍ਰੰਥ ਦੀ ਗੁਰੁਤਾ ਦਾ ਮਸਲਾ ਨਾ ਉਛਾਲਣ। ਸ੍ਰੀ ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਸੰਬੰਧੀ ਅੰਤਿਮ ਫੈਸਲਾ ਕਰ ਦਿਤਾ ਹੈ ਅਤੇ ਖ਼ਾਲਸਾ ਪੰਥ ਨੇ ਸਰਬ ਕਾਲ ਲਈ ਇਹ ਫੈਸਲਾ ਮੰਨਣ ਦਾ ਗੁਰੂ ਜੀ ਨਾਲ ਪ੍ਰਣ ਕੀਤਾ ਹੋਇਆ ਹੈ। ਸਿਖਾਂ ਦਾ ਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਪਰ ਇਹ ਆਦੇਸ਼ ਕਰਨ ਸਮੇਂ ਦਸਮ ਗੁਰੂ ਜੀ ਨੇ ਕਦੇ ਇਹ ਫ਼ਰਮਾਨ ਨਹੀਂ ਜਾਰੀ ਕੀਤਾ ਕਿ ਹੋਰ ਸਾਰੇ ਗ੍ਰੰਥ ਕੂੜ-ਕੁਫਰ ਜਾਣ ਕੇ ਸਿਖਾਂ ਨੂੰ ਸਾੜ-ਫੂਕ ਦੇਣੇ ਚਾਹੀਦੇ ਹਨ।

18. ਡਾ. ਮਾਨ ਲਿਖਦੇ ਹਨ "Harbhajan writes (ਹਰਭਜਨ ਲਿਖਦਾ ਹੈ) ਦਸਵੇਂ ਪਾਦਸ਼ਾਹ ਦੇ ਗ੍ਰੰਥ ਵਿਚ ਬਹੁਤ ਕੁਝ ਬ੍ਰਾਹਮਣਾਂ ਦੇ ਸ਼ਾਸਤ੍ਰਾਂ ਅਤੇ ਕੁਰਾਨ ਤੋਂ ਲਿਆ ਗਿਆ ਹੈ (ਸਫ਼ਾ 120)।.... ਪਰ ਗੁਰੂ ਗੋਬਿੰਦ ਸਿੰਘ ਨੇ ਹਿੰਦੂਆਂ ਦੀ ਪੂਜਾ ਨੂੰ ਪੂਰੀ ਤਰ੍ਹਾਂ ਨਕਾਰ ਦਿਤਾ (ਸਫ਼ਾ 121)। ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿਖਾਂ ਨੂੰ ਜਿਨ੍ਹਾਂ ਨੁਕਤਿਆਂ ਉਤੇ ਹਿੰਦੂਆਂ ਨਾਲੋਂ ਵਖ ਕੀਤਾ, ਉਹ ਸਨ- ਜਾਤੀਵਾਦ ਦਾ ਖ਼ਾਤਮਾ, ਸਭ ਲਈ ਧਰਮ ਦੇ ਦਰਵਾਜ਼ੇ ਖੋਲ੍ਹ ਦੇਣਾ ਅਤੇ ਸ਼ਸਤਰ ਧਾਰਨ ਕਰਨ ਨੂੰ ਹਰ ਵਿਅਕਤੀ ਦਾ ਧਾਰਮਿਕ ਫ਼ਰਜ਼ ਬਣਾ ਦੇਣਾ, ਜਦੋਂ ਕਿ ਹਿੰਦੂਆਂ ਵਿਚ ਸ਼ਸਤਰ ਧਾਰਨ ਕਰਨਾ ਕੇਵਲ ਖਤਰੀ ਦਾ ਅਧਿਕਾਰ ਸੀ (ਸਫ਼ਾ 121)... ਦਸਮ ਗ੍ਰੰਥ ਕੇਵਲ ਮਿਥਿਹਾਸਿਕ ਕਹਾਣੀਆਂ ਦਾ ਸੰਗ੍ਰਹਿ ਨਹੀਂ, ਬਲਕਿ ਗੁਰੂ ਦੇ ਯੁਧਾਂ ਅਤੇ ਬਹਾਦਰ ਸਿਖਾਂ ਦੀ ਬੀਰਤਾ ਨਾਲ ਵੀ ਭਰਪੂਰ ਹੈ.. Courage is thoughout this work, placed above every other virtue. (P. 121...Thus, at once founding the sect of Siks, he struck the whole world with awe : overturning temples and sacred places, tombs and mosques, he levelled them all with the plain : rejecting the Vedas, the six Sastras and the Koran, he abolished the cry of Namaz and slew the Sultans ; reducing the Mirs and Pirs to silence...... the

Brahmins, the Pandits, and the Jotishis had acquired a relish for worldly things ; they worshiped stones and forgot Supreme. Thus, the Muhammedan and Hindu, remained involved in delusion and ignorance, when the third sect of the Khalsa originated in purity (123-24) ਮੈਲਕਮ ਦੇ ਇਹ ਆਪਣੇ ਸ਼ਬਦ ਡਾ. ਮਾਨ ਦੀਆਂ ਯੁਕਤੀਆਂ ਦੁਆਰਾ ਪ੍ਰਚਾਰੇ ਅਸਤਿ ਨੂੰ ਨਗਨ ਕਰਨ ਵਾਸਤੇ ਕਾਫ਼ੀ ਹਨ ਅਤੇ ਜੇ ਕਿਸੇ ਆਤਮਾ ਰਾਮ ਨਿਰਮਲੇ ਨੇ ਉਸ ਨੂੰ ਇਹ ਚੀਜ਼ਾਂ ਪੜ੍ਹਾਈਆਂ ਹਨ, ਤਾਂ ਉਸ ਦੀ ਪਵਿੱਤਰ ਸਿਖੀ ਨੂੰ ਪ੍ਰਣਾਮ ਹੈ।"

ਡਾ. ਮਾਨ ਕਿਵੇਂ ਪਾਠਕਾਂ ਨਾਲ ਪੈਰ-ਪੈਰ 'ਤੇ ਧੋਖਾ ਕਰਦੇ ਹਨ, ਉਸ ਦੇ ਦਰਸ਼ਨ ਇਤਨੀ ਕੁ ਗੱਲ ਤੋਂ ਹੀ ਹੋ ਜਾਂਦੇ ਹਨ ਕਿ ਜਿਨ੍ਹਾਂ ਸ਼ਬਦਾਂ ਅਗੇ Harbhajan writes (ਹਰਭਜਨ ਲਿਖਦਾ ਹੈ) ਅੰਕਿਤ ਕਰ ਕੇ ਅਗੇ ਮੇਰੀ ਲਿਖਿਤ ਹੋਣ ਦਾ ਭਰਮ ਪੈਦਾ ਕਰਨ ਲਈ ਬਹੁਤ ਹੀ ਨਿਮਨ-ਸਤਰ ਦੀ ਜਾਅਲਸਾਜ਼ੀ ਕੀਤੀ ਹੈ, ਵਾਸਤਵ ਵਿਚ ਉਨ੍ਹਾਂ ਸ਼ਬਦਾਂ ਅਗੋਂ ਮੇਰਾ ਲਿਖਿਆ ਇਹ ਪਦ "ਮੈਲਕਮ ਦੀ ਰਚਨਾ ਵਿਚੋਂ ਕੁਝ ਅੰਸ਼ ਇੰਞ ਹਨ-" ਹਟਾ ਦਿਤਾ ਗਿਆ ਹੈ। ਸ੍ਰੀ ਦਸਮ ਗ੍ਰੰਥ ਵਿਰੁਧ ਪ੍ਰਚਾਰ ਕਰਨ ਲਈ ਇਤਨੇ ਵਡੇ ਫ਼ਰਜ਼ੀਵਾੜੇ ਕਰਨ ਦਾ ਉਦੇਸ਼ ਕੇਵਲ ਡਾ. ਮਾਨ ਹੀ ਜਾਣਦੇ ਹਨ।

ਖ਼ੈਰ ਉਹ ਮੈਲਕਮ ਦੀਆਂ ਉਕਤ ਟੂਕਾਂ ਬਾਰੇ ਲਿਖਦਿਆਂ ਕਹਿੰਦੇ ਹਨ– Can Harbhajan Singh give any evidence that from 1699 when Khalsa was created and till his death in 1708, Guru Gobind Singh Ji after founding the sect of Sikhs struck the whole world with awe : overturning the templesof the Hindus and sacred places, tombs and mosques of the Muslims? Can he name any Hindu temple or Mosque destroyed by Guru Gobind Singh Ji between 1699-1708 ? (ਸਾਰਾਂਸ਼- ਕੀ ਹਰਭਜਨ ਸਿੰਘ ਕੋਈ ਸਬੂਤ ਪੇਸ਼ ਕਰ ਸਕਦਾ ਹੈ ਕਿ 1699 ਤੋਂ 1708 ਈ. ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਹਿੰਦੂ ਮੰਦਿਰ ਜਾਂ ਮਸਜਿਦ ਨਸ਼ਟ ਕੀਤੀ ਸੀ)। ਮੇਰਾ ਉਤਰ ਇਹ ਹੈ ਕਿ ਉਕਤ ਪੰਕਤੀਆਂ ਮੇਰੀਆਂ ਨਹੀਂ, ਮੈਲਕਮ ਦੀਆਂ ਲਿਖੀਆਂ ਹੋਈਆਂ ਹਨ। ਦੂਜੀ ਗਲ ਇਹ ਹੈ ਕਿ ਇਮਾਰਤ ਤੋੜਨ ਨਾਲ ਨਾ ਮੰਦਿਰ ਟੁਟਦਾ ਹੈ, ਨਾ ਹੀ ਮਸਜਿਦ। ਇਹ ਤਦੋਂ ਟੁਟਦੇ ਹਨ, ਜਦੋਂ 'ਸ੍ਰੀ ਅਕਾਲ ਉਸਤਤਿ' ਵਰਗੀਆਂ ਬਾਣੀਆਂ ਇਨ੍ਹਾਂ ਸਥਾਨਾਂ ਨਾਲ ਸੰਬੰਧਿਤ ਧਰਮ-ਆਧਾਰਿਤ ਰੂੜੀਵਾਦੀ ਮਾਨਤਾਵਾਂ ਨੂੰ ਲੀਰ-ਲੀਰ ਕਰ ਦੇਂਦੀਆਂ ਹਨ। ਮੈਲਕਮ ਦੇ ਸ਼ਬਦਾਂ ਦਾ ਇਹੋ ਭਾਵ ਸੀ, ਜੋ ਡਾ. ਮਾਨ ਨੂੰ ਇਸ ਲਈ ਸਮਝ ਨਹੀਂ ਆਇਆ ਕਿਉਂਕਿ ਉਨ੍ਹਾਂ ਦੀ ਵਿਦਿਆ ਦਾ ਇਹ ਖੇਤਰ ਨਹੀਂ ਹੈ। ਧਰਮ ਅਤੇ ਸਾਹਿਤ ਉਨ੍ਹਾਂ ਦਾ ਖੇਤਰ ਬਿਲਕੁਲ ਨਹੀਂ, ਇਸ ਅਟਲ ਸਚਾਈ ਨੂੰ ਸਿਧ ਕਰਨ ਵਾਸਤੇ ਮੈਂ ਇਥੇ ਇਕ ਹੋਰ ਪ੍ਰਮਾਣ ਪਾਠਕਾਂ ਸਾਹਮਣੇ ਰਖਣ ਦੀ ਖੁਲ੍ਹ ਚਾਹਾਂਗਾ। ਮੈਲਕਮ ਦੀਆਂ ਜੋ ਟੂਕਾਂ ਮੈਂ ਪੰਨਾ ਨੰਬਰ (123-124) ਤੋਂ ਲਈਆਂ ਦਸੀਆਂ ਹਨ, ਉਸ ਨੂੰ ਚੈਲੇਂਜ ਕਰਦਿਆਂ ਡਾ. ਮਾਨ ਲਿਖਦੇ ਹਨ "Note below from the source what reference Harbhajan is giving above is on page 190,192 and not on page (123-124) as quoted by him. In his passion about promoting Dasam Granth as total Bani by Guru Gobind Singh he gets confused wants to mislead the readers by quoting wrong page #,s why?. Will like Dr.Jodh Singh and Dr. Pannu to help him and comment on the issue." (ਅਰਥਾਤ {ਪਾਠਕਾਂ ਨੂੰ ਡਾ. ਮਾਨ ਦੀ ਵਿਦਵਤਾ ਭਰੀ ਬੇਨਤੀ ਹੈ} ਹੇਠਾਂ ਦਿਤੇ ਸੋਮੇ ਤੋਂ ਨੋਟ ਕਰੋ। ਜੋ ਰੈਫਰੈਂਸ ਹਰਭਜਨ ਨੇ ਉਪਰ ਦਿਤੇ ਹਨ, ਉਹ ਅਸਲ ਵਿਚ {ਮੈਲਕਮ ਦੀ ਪੁਸਤਕ ਦੇ} ਪੰਨਾ 190, 192 ਉਤੇ ਹਨ ਅਤੇ ਜਿਵੇਂ ਹਰਭਜਨ ਸਿੰਘ ਨੇ ਉਪਰ ਦਰਸਾਇਆ ਹੈ, ਪੰਨਾ 123-124 ਉਤੇ ਨਹੀਂ ਹਨ। ਅਸਲ ਵਿਚ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਕ੍ਰਿਤ ਪ੍ਰਚਾਰਨ ਦੇ ਜੋਸ਼ ਵਿਚ ਉਹ (ਹਰਭਜਨ ਸਿੰਘ) ਬੌਖਲਾ ਗਿਆ ਹੈ ਅਤੇ ਗ਼ਲਤ ਪੰਨਾ ਨੰਬਰ ਦੇ ਕੇ ਪਾਠਕਾਂ ਨੂੰ ਗੁਮਰਾਹ ਕਰ ਰਿਹਾ ਹੈ, ਆਖ਼ਿਰ ਕਿਉਂ ? ਕੀ ਡਾ. ਜੋਧ ਸਿੰਘ ਅਤੇ ਡਾ. ਪਨੂੰ ਵਰਗੇ (ਸਮਰਥਕ) ਉਸ ਦੀ ਮਦਦ ਕਰਨਗੇ, ਤਾਂ ਕਿ ਉਹ ਇਸ ਮੁਦੇ ਉਤੇ ਉਤਰ ਦੇ ਸਕੇ।") ਮੈਨੂੰ ਬਹੁਤ ਖ਼ੁਸ਼ੀ ਹੈ ਕਿ ਡਾ. ਮਾਨ ਨੇ ਆਪਣੀ ਵਿਦਵਤਾ ਪ੍ਰਮਾਣਿਤ ਕਰਨ ਅਤੇ ਮੇਰੀ ਬੌਖਲਾਹਟ ਅਤੇ ਬਦਨੀਤੀ ਵਾਸਤੇ ਮੈਲਕਮ ਦੀ ਪੁਸਤਕ ਦੇ ਸੰਬੰਧਿਤ ਪੰਨਿਆਂ ਦੀ ਫੋਟੋ ਕਾਪੀ ਵੀ ਪ੍ਰਸਤੁਤ ਕੀਤੀ ਹੈ–

190 SKETCH OF THE SIKHS.

Hindú mythology, related in his own way; but abounds in accounts of the battles which he fought, and of the actions which were performed by the most valiant of his followers. Courage is, throughout this work, placed above every other virtue; and Góvind, like Muhammed, makes martyrdom for the faith which he taught, the shortest and most certain road to honour in this world, and eternal happiness in the future. The opinion which the Sikhs entertain of Góvind will be best collected from their most esteemed authors.

" Gúrú Góvind Singh," one* of those writers states, " appeared as the tenth " Avatár. He meditated on the Creator " himself, invisible, eternal, and incom- " prehensible. He established the Khálsa, " his own sect, and, by exhibiting singular " energy, leaving the hair on his head, and " seizing the scimitar, he smote every

* B'hai Gúrú Dás Bhalé.

192 SKETCH OF THE SIKHS.

" O Sat Gúrú! there is no dispeller of " danger.'—Having seized and displayed " his sword, no person could resist his " might."

The same author, in a subsequent passage, gives a very characteristic account of that spirit of hostility which the religion of Gúrú Góvind breathed against the Muhammedans; and of the manner in which it treated those sacred writings, upon which most of the established usages of Hindús are grounded.

" By the command of the Eternal, the " great Gúrú disseminated the true know- " ledge. Full of strength and courage, he " successfully established the Khálsa (or " state). Thus, at once founding the " sect of Singh, he struck the whole world " with awe: overturning temples and sacred " places, tombs and mosques, he levelled " them all with the plain: rejecting the " Védas, the Puráns, the six Sástras, and " the Korán; he abolished the cry of

ਮੈਨੂੰ ਮਾਨ ਸਾਹਿਬ ਦੇ ਇਨ੍ਹਾਂ ਪਤਰਿਆਂ ਦੀ ਪ੍ਰਮਾਣਿਕਤਾ ਉਤੇ ਕੋਈ ਸੰਦੇਹ ਨਹੀਂ। ਇਹ ਨਿਸ਼ਚਿਤ ਤੌਰ ਤੇ ਮੈਲਕਮ ਦੀ ਪੁਸਤਕ ਦੇ ਉਹੋ ਪੰਨੇ ਹਨ, ਜਿਨ੍ਹਾਂ ਦੀ ਲਿਖਿਤ ਮੈਂ ਪੰਨਾ 123-124 ਉਤੇ ਦਸੀ ਸੀ। ਪਰ ਮੈਂ ਮਾਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਅਜਿਹੀ ਗਲਤੀ ਨਹੀਂ, ਜਿਸ ਲਈ ਜਵਾਬ ਦੇਣ ਵਾਸਤੇ ਮੈਨੂੰ ਡਾ. ਜੋਧ ਸਿੰਘ ਅਤੇ ਡਾ. ਪਨੂੰ ਦੀ ਮਦਦ ਦੀ ਜ਼ਰੂਰਤ ਹੋਵੇ। ਮੈਂ ਧਰਮ ਦੇ ਖੇਤਰ ਵਿਚ ਤੁਹਾਡੀ ਗਿਆਨ-ਹੀਣਤਾ ਦਾ ਜਵਾਬ ਇਕਲਾ ਹੀ ਦੇਂਦਾ ਰਹਾਂਗਾ। ਹਾਂ ਮੈਂ ਮੈਡੀਕਲ ਸਾਇੰਸ ਨਾਲ ਸੰਬੰਧਿਤ ਤੁਹਾਡੀ ਵਿਦਿਆ ਦਾ ਸਨਮਾਨ ਕਰਦਿਆਂ ਬਿਨਾ ਹਿਚਕ ਕਬੂਲ ਕਰਦਾ ਹਾਂ ਕਿ ਤੁਹਾਡੇ ਖੇਤਰ ਵਿਚ ਮੈਂ ਬਿਲਕੁਲ ਬੇਸਮਝ ਅਤੇ ਗਿਆਨਹੀਣ ਹਾਂ। ਪਰ ਮੇਰੇ ਖੇਤਰ ਵਿਚ ਤੁਹਾਡੀ ਸਥਿਤੀ ਉਹੋ ਹੈ, ਜੋ ਤੁਹਾਡੇ ਖੇਤਰ ਵਿਚ ਮੇਰੀ। ਤੁਹਾਨੂੰ ਪੜ੍ਹਾਈ-ਲਿਖਾਈ ਦੇ ਖੇਤਰ ਦੀ ਇਤਨੀ ਵੀ ਸੋਝੀ ਨਹੀਂ ਕਿ ਇਕ ਪੁਸਤਕ ਦੀਆਂ ਇਕ ਤੋਂ ਵਧ ਐਡੀਸ਼ਨਾਂ ਹੋ ਸਕਦੀਆਂ ਹਨ ਅਤੇ ਇਨ੍ਹਾਂ ਦੇ ਪੰਨਾ ਨੰਬਰ ਵੀ ਵਖ ਹੋ ਸਕਦੇ ਹਨ। ਅਸਲ ਵਿਚ ਦਸਮ ਗ੍ਰੰਥ ਦੇ ਵਿਰੋਧ ਨੇ ਤੁਹਾਡਾ ਮਾਨਸਿਕ ਸੰਤੁਲਨ ਬਿਲਕੁਲ ਗੜਬੜ ਕਰ ਦਿਤਾ ਹੈ। ਮੈਂ ਨਾ ਬੌਖਲਾਇਆ ਹਾਂ, ਨਾ ਪਾਠਕਾਂ ਨੂੰ ਗੁਮਰਾਹ ਕਰ ਰਿਹਾ ਹਾਂ। ਮੈਨੂੰ ਜਵਾਬ ਦੇਣ ਵਾਸਤੇ ਆਪਣੇ ਵਿਦਵਤ ਮਦਦਗਾਰ ਲਭਣ ਦੀ ਤੁਹਾਨੂੰ ਜ਼ਰੂਰਤ ਹੈ, ਮੈਨੂੰ ਨਹੀਂ। ਤੁਹਾਨੂੰ ਉਤਰ ਦੇਣ ਵਾਸਤੇ ਮੈਂ ਇਕਲਾ ਕਾਫ਼ੀ ਹਾਂ। ਮੈਂ ਬਿਨਾ ਡਾ. ਜੋਧ ਸਿੰਘ ਅਤੇ ਡਾ. ਪਨੂੰ ਦੀ ਮਦਦ ਲਏ ਆਪਣੇ ਦਿਤੇ ਪੰਨਿਆਂ 122, 123 ਅਤੇ 124 ਦੇ ਪਵਿਤਰ ਬਚਨ ਪਾਠਕਾਂ ਦੇ ਦਰਸ਼ਨਾਂ ਵਾਸਤੇ ਹੇਠਾਂ ਪ੍ਰਸਤੁਤ ਕਰ ਰਿਹਾ ਹਾਂ-

to honour in this world, and eternal happiness in the future. The opinion which the Sikhs entertain of Govind will be best collected from their most esteemed authors.

" Guru Govind Singh," one (1) of those writers states, " appeared as the tenth Avatar. He meditated on the " Creator himself, invisible, eternal, and incomprehen- " sible. He established the Khalsa, his own sect, and, by " exhibiting singular energy, leaving the hair on his head " and seizing the scimitar, he smote every wicked per- " son. He bound the garment of chastity round his loins " grasped the sword of valour, and, passing the true " word of victory, became victorious in the field of com- " bat; and seizing the Devatas, his foes, he inflicted on " them punishment; and, with great success, diffused the " sublime Guru Jap (a mystical form of prayer composed " by Guru Govind) through the world. As he was, " born a warlike Singh, he assumed the blue dress; and " by destroying the wicked Turks, he exalted the name " of Hari (God.) No Sirdar could stand in battle against " him, but all of them fled; and, whether Hindu Rajas " or Muhammedan lords, became like dust in his pre- " sence. The mountains, hearing of him, were struck with " terror; the whole world was affrighted, and the people " fled from their habitations. In short, such was his

(1) Bhai Guru Das Bhale.

" fame, that they were all thrown into consternation and " began to say, 'Besides thee, O Sat Guru ! there is no " dispeller of danger.'—Having seized and displayed his " sword, no person could resist his might."

The same author, in a subsequent passage, gives a very characteristic account of that spirit of hostility which the religion of Guru Govind breathed against the Muhammedans; and of the manner in which it treated those sacred writings, upon which most of the established usages of Hindus are grounded.

" By the command of the Eternal, the great Guru " disseminated the true knowledge. Full of strength and " courage, he successfully established the Khalsa (or " state). Thus, at once founding the sect of Singh, he " struck the whole world with awe: overturning temples " and sacred places, tombs and mosques, he levelled them " all with the plain: rejecting the Vedas, the six Sastras " and the Koran; he abolished the cry of Namaz (Muham " medan prayer,) and slew the Sultans; reducing the " Mirs and Pirs (the lords and priests of the Muham- " medans) to silnce, he overturned all their sects; the " Moullahs, (professors), and the Kazis (judges,) were con- " founded, and found no benefit from their studies. The " Brahmins, the Pandits, and the Jetishis (or astrologers) " had acquired a relish for worldly things: they worship- " ed stones and forgot the Supreme. Thus these two



124 SKETCH OF THE SIKHS

"sects, the Muhammedan and Hindu, remained involved "in delusion and ignorance, when the third sect of the "Khalsa originated in purity. When, at the order of "Guru Govind, the Singhs seized and displayed the "scimitar, then subduing all their enemies, they medita- "ted on the Eternal; and, as soon as the order of the "Most High was manifested in the world, circumcision "ceased, and the Turks trembled, when they saw the "ritual of Muhammed destroyed: then the Nakara (large "drum) of victory sounded throughout the world, and "fear and dread were abolished. Thus the third sect "was established, and increased greatly in might."

These extracts, and what I have before stated will sufficiently show the character of the religious institutions of Guru Govind: which were admirably calculated to awaken, through the means of fanaticism, a spirit of courage and independence, among men who had been content, for ages, with that degraded condition in society to which they were taught to believe themselves born. The end which Govind sought, could not, perhaps, have been attained by the employment of other means. Exhortations respecting their civil rights, and the wrong which they sustained, would have been wasted on minds enslaved by superstition, and who could only be persuaded to assert themselves men, by an impression that it was the will of Heaven they should do so. His success is a strong elucidation of the general character of the

19. ਮੈਂ ਆਪਣੇ ਪਹਿਲੇ ਜਵਾਬ ਵਿਚ ਲਿਖਿਆ ਸੀ ਕਿ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਅਨੁਸਾਰ ਵਡੇ ਘਲੂਘਾਰੇ ਵਿਚ ਦੋ ਬੀੜਾਂ ਗੁੰਮ ਹੋ ਗਈਆਂ ਸਨ। ਇਕ ਸ੍ਰੀ ਦਸਮ ਗ੍ਰੰਥ ਦੀ ਉਹ ਬੀੜ ਜੋ ਦਮਦਮੀਏ ਸਿਖਾਂ ਦੀ ਸੇਵਾ-ਸੰਭਾਲ ਵਿਚ ਸੀ ਅਤੇ ਦੂਜੀ ਆਦਿ ਗ੍ਰੰਥ ਦੀ ਬੀੜ, ਜਿਸ ਦੀ ਸੇਵਾ ਅਮ੍ਰਿਤਸਰੀ ਸਿਖਾਂ ਕੋਲ ਸੀ। ਡਾ. ਮਾਨ ਨੇ ਆਪਣੇ ਪੂਜਯ ਵਿਦਵਾਨ ਗਿਆਨੀ ਗਿਆਨ ਸਿੰਘ ਦੇ ਇਸ ਹਵਾਲੇ ਦਾ ਵੀ ਉਲੰਘਣ ਕਰ ਕੇ, ਮੇਰੇ ਵਿਚਾਰ ਨੂੰ ਨਕਾਰਣ ਦਾ ਯਤਨ ਕੀਤਾ ਹੈ-

ਅਸਲ ਦਸਮ ਗੁਰ ਵਾਲਾ ਗ੍ਰੰਥ। ਰਹਿਤ ਬ੍ਰਿਧ ਦਲ ਮੈ ਮਧ ਪੰਥ।

ਘਲੂਘਾਰਾ ਜਬ ਵਡ ਭਯੋ। ਗ੍ਰੰਥ ਦੁਰਾਨੀ ਸੋ ਲੀਉ।

ਡਾ. ਬਲਵੰਤ ਸਿੰਘ ਢਿਲੋਂ ਅਤੇ ਡਾ. ਜੀਤ ਸਿੰਘ ਸੀਤਲ ਦੇ ਹਵਾਲੇ ਨਾਲ ਡਾ. ਮਾਨ ਨੇ ਇਹ ਕਲਪਿਤ ਕੀਤਾ ਹੈ ਕਿ ਭਾਈ ਰਤਨ ਸਿੰਘ ਭੰਗੂ ਦੁਆਰਾ ਵਰਣਿਤ 'ਅਮ੍ਰਿਤਸਰੀ ਬੀੜ' ਅਸਲ ਵਿਚ ਉਹ ਬੀੜ ਸੀ, ਜੋ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਲਿਖਵਾਈ ਸੀ ਅਤੇ 'ਦਮਦਮੀ ਬੀੜ' ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਮਦਮਾ ਸਾਹਿਬ ਵਿਖੇ ਲਿਖਵਾਈ ਬੀੜ ਸੀ। ਜਿਵੇਂ ਡਾ. ਮਾਨ ਨੇ ਮੇਰੇ ਮਿਤਰਾਂ ਡਾ. ਜੋਧ ਸਿੰਘ ਅਤੇ ਡਾ. ਹਰਪਾਲ ਸਿੰਘ 'ਪਨੂੰ' ਨੂੰ ਵਾਰ-ਵਾਰ ਬੇਨਤੀ ਕੀਤੀ ਹੈ, ਤਿਵੇਂ ਮੈਂ ਡਾ. ਬਲਵੰਤ ਸਿੰਘ ਢਿਲੋਂ ਨੂੰ (ਡਾ. ਸੀਤਲ ਤਾਂ ਗੁਜ਼ਰ ਚੁਕੇ ਹਨ) ਬੇਨਤੀ ਕਰਾਂਗਾ ਕਿ ਉਹ ਡਾ. ਮਾਨ ਨੂੰ ਸਮਝਾਉਣ ਕਿ ਪੰਜਵੇਂ ਗੁਰੂ ਜੀ ਵਾਲੀ ਬੀੜ ਦਾ ਨਾਮ ਕਦੇ 'ਅਮ੍ਰਿਤਸਰੀ ਬੀੜ' ਨਹੀਂ ਰਿਹਾ, ਇਸ ਦਾ ਨਾਮ ਲੰਬੇ ਸਮੇਂ ਤੋਂ 'ਕਰਤਾਰਪੁਰੀ ਬੀੜ' ਪ੍ਰਚਲਿਤ ਹੈ। ਫਿਰ ਇਹ ਬੀੜ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਗੁਰੁਤਾ-ਕਾਲ ਤੋਂ ਪਹਿਲਾਂ ਧੀਰਮਲ ਦੇ ਪਰਿਵਾਰ ਕੋਲ ਚਲੀ ਗਈ ਸੀ, ਅਜ ਵੀ ਉਨ੍ਹਾਂ ਪਾਸ ਹੈ, ਪੰਥ ਕੋਲ ਕਿਵੇਂ ਪਹੁੰਚ ਗਈ ? ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੁਆਰਾ ਧੀਰਮਲ ਨੂੰ ਵਾਪਿਸ ਦੇਣ ਮਗਰੋਂ ਨਾ ਇਹ ਬੀੜ ਪਰਤ ਕੇ ਕਦੇ ਸਿਖਾਂ ਕੋਲ ਆਈ ਸੀ, ਨਾ ਇਹ ਵਡੇਘਲੂਘਾਰੇ ਵਿਚ ਕਦੇ ਗਵਾਚੀ ਸੀ। ਡਾ. ਮਾਨ ਦੇ ਉਹ ਸਥਾਪਿਤ ਵਿਦਵਾਨ ਜਿਨ੍ਹਾਂ ਨੇ 'ਦਮਦਮੀਏ' ਅਤੇ 'ਅਮ੍ਰਿਤਸਰੀਏ' ਨੂੰ ਦੋ ਗ੍ਰੰਥ ਮੰਨਿਆ ਹੈ, ਸ਼ਾਇਦ ਲਿਖਿਆ ਪੜ੍ਹਨ ਦੇ ਸਮਰਥ ਨਹੀਂ ਹਨ। ਪਾਠਕ ਆਪ ਰਤਨ ਸਿੰਘ 'ਭੰਗੂ' ਦੇ ਇਹ ਸ਼ਬਦ ਧਿਆਨ ਨਾਲ ਪੜ੍ਹ ਲੈਣ ਤਾਂ ਭੁਲੇਖਾ ਦੂਰ ਹੋ ਜਾਵੇਗਾ-

ਜ਼ੋਰ ਪਾਇ ਸਿੰਘ ਬਹੀਰ ਨਿਕਾਰੀ। ਘੇਰਯੋ ਬਹੀਰ ਬਹੁ ਤੁੰਮਣ ਭਾਰੀ।
ਤਿਨ ਮੈਂ ਗ੍ਰੰਥ ਤੁਰਤ ਥੇ ਦੋਇ। ਇਕ ਅੰਮ੍ਰਿਤਸਰੀਏ ਦਮਦਮੀਏ ਜੋਇ।
ਘੇਰ ਲਯੋ ਤਿਨ ਅਗਯੋਂ ਆਇ। ਜੁਦੈ ਜੁਦੈ ਤੇ ਦਏ ਕਰਾਇ।
ਧਰ ਗ੍ਰੰਥ ਤਹਿਂ ਲੜੇ ਮਝੈਲ। ਰਖਤ ਹੁਤੇ ਥੇ ਸ਼ਸਤਰ ਗੈਲ।
ਘੜੀ ਕੁ ਲੜੇ ਫਿਰ ਲੀਨੇ ਮਾਰ। ਫਿਰ ਦਮਦੀਅਨੁ ਪਰ ਧਰੀ ਤਲਵਾਰ।
ਪਾਉ ਘੜੀ ਤਹਿਂ ਤੇਊ ਲੜੇ। ਬਿਨ ਹਥੀਆਰ ਹੁਤ ਕਯਾ ਕਰੇ। (ਪਦ 111-12)

ਇਨ੍ਹਾਂ ਪੰਕਤੀਆਂ ਵਿਚ ਜੇ 'ਅਮ੍ਰਿਤਸਰੀਏ' ਅਤੇ 'ਦਮਦਮੀਏ' ਸ਼ਬਦ ਗ੍ਰੰਥਾਂ ਵਾਸਤੇ ਹੁੰਦੇ, ਤਾਂ ਇਹ ਬਹੁ-ਵਚਨ ਵਿਚ ਨਹੀਂ ਸੀ ਹੋਣੇ, ਇਨ੍ਹਾਂ ਦਾ ਉਚਾਰਣ 'ਅਮ੍ਰਿਤਸਰੀਆ' ਅਤੇ 'ਦਮਦਮੀਆ' ਹੋਣਾ ਸੀ, ਕਿਉਂਕਿ ਇਹ ਇਕ-ਇਕ ਗ੍ਰੰਥ ਸੀ, ਦੋ ਗ੍ਰੰਥ-ਸਮੂਹ ਨਹੀਂ ਸਨ। ਅਮ੍ਰਿਤਸਰੀਆਂ ਨੂੰ ਮਝੈਲ ਲਿਖ ਕੇ ਵੀ ਇਹ ਸਪਸ਼ਟ ਕਰ ਦਿਤਾ ਹੈ ਕਿ ਵਾਸਤਵ ਵਿਚ 'ਅਮ੍ਰਿਤਸਰੀਏ' ਸਿਖਾਂ ਦੀ ਉਹ ਟੁਕੜੀ ਸੀ, ਜੋ ਇਕ ਗ੍ਰੰਥ ਦੀ ਸੇਵਾ-ਸੰਭਾਲ ਵਾਸਤੇ ਸੀ। ਹੁਣ ਅਗੇ 'ਦਮਦਮੀਅਨੁ' ਸ਼ਬਦ ਆ ਗਿਆ ਹੈ, ਜੋ ਫਿਰ ਬਹੁ-ਵਚਨ ਵਿਚ ਹੈ। 'ਦਮਦਮੀਅਨੁ ਪਰ ਧਰੀ ਤਲਵਾਰ' ਦਾ ਸਿਧਾ ਮਤਲਬ ਹੈ ਕਿ ਦੁਸ਼ਮਣ ਫ਼ੌਜ ਨੇ ਮਝੈਲ ਸਿਖਾਂ ਨੂੰ ਮਾਰ ਕੇ ਫਿਰ 'ਦਮਦਮੀਏ ਸਿਖਾਂ' ਨੂੰ ਮੌਤ ਦੇ ਘਾਟ ਉਤਾਰਿਆ। ਸੋ ਗ਼ਲਤ ਬਿਆਨੀ ਮੈਂ ਨਹੀਂ ਕਰ ਰਿਹਾ। ਅਸਲ ਵਿਚ ਮਾਨ ਸਾਹਿਬ ਅਤੇ ਉਨ੍ਹਾਂ ਦੇ ਆਪਣੇ ਵਿਸ਼ਵਾਸੀ ਵਿਦਿਤ ਸਿਪਾਹ-ਸਲਾਹਕਾਰ ਗ੍ਰੰਥਾਂ ਦੀ ਲਿਖਿਤ ਨੂੰ ਸਮਝਣ ਦੀ ਯੋਗਤਾ ਤੋਂ ਵੰਚਿਤ ਹਨ, ਜਾਂ ਜਾਣ-ਬੁਝ ਕੇ ਵਲ-ਛਲ ਦੁਆਰਾ ਪਾਠਕ ਨੂੰ ਭ੍ਰਮਿਤ ਕਰ ਰਹੇ ਹਨ।

20. ਡਾ. ਮਾਨ ਵਾਰ-ਵਾਰ ਇਹ ਕਹਿ ਰਹੇ ਹਨ ਕਿ ਭਾਈ ਮਨੀ ਸਿੰਘ ਦੇ ਨਾਮ ਤੇ ਪ੍ਰਚਲਿਤ ਉਹ ਬੀੜ ਜੋ ਦਿਲੀ ਵਿਖੇ ਰਾਜਾ ਗੁਲਾਬ ਸਿੰਘ ਦੇ ਪਰਿਵਾਰ ਕੋਲ ਹੈ ਅਤੇ ਜਿਸ ਵਿਚ ਦੋਹਾਂ ਗ੍ਰੰਥਾਂ ਦੀ ਬਾਣੀ ਹੈ, ਉਹ ਬੀੜ ਮਨੀ ਸਿੰਘ ਦੁਆਰਾ ਤਿਆਰ ਕੀਤੀ ਨਹੀਂ ਹੋ ਸਕਦੀ, ਕਿਉਂਕਿ ਉਸ ਵਿਚ ਬੰਨੋ ਬੀੜ ਵਾਲੀਆਂ ਵਾਧੂ ਬਾਣੀਆਂ ਮੌਜੂਦ ਹਨ। ਇਸ ਸੰਬੰਧੀ ਡਾ. ਮਾਨ ਨੇ ਆਪਣੇ-ਆਪ ਨੂੰ ਸਥਾਪਿਤ ਵਿਦਿਤ ਪੁਰੁਖ਼ ਪ੍ਰਮਾਣਿਤ ਕਰਨ ਵਾਸਤੇ ਬੰਨੋ ਬੀੜ ਦੀਆਂ ਵਾਧੂ ਬਾਣੀਆਂ ਦੀ ਸੂਚੀ ਵੀ ਦਿਤੀ ਹੈ, ਜਿਸ ਅਨੁਸਾਰ ਬੰਨੋ ਬੀੜ ਵਿਚ ਮੀਰਾ ਬਾਈ ਦਾ ਸ਼ਬਦ ਮਨੁ ਹਮਾਰਾ ਬਾਂਧਿਓ ਮਾਈ, ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ (ਦਾ ਪੂਰਾ ਪਾਠ), ਸਾਰੰਗ ਵਿਚ ਸੂਰਦਾਸ ਦੇ ਸ਼ਬਦ 'ਹਰਿ ਕੇ ਸੰਗ ਬਸੇ ਹਰਿ ਲੋਕ' ਦਾ ਪੂਰਾ ਪਾਠ, ਰਤਨਮਾਲਾ, ਹਕੀਕਤਿ ਰਾਹ ਮੁਕਾਮ ਰਾਜੇ ਸਿਵਨਾਭ ਕੀ ਸ਼ਾਮਿਲ ਕੀਤੀਆਂ ਗਈਆਂ ਸਨ। ਡਾ. ਮਾਨ ਦੇ ਲਿਖੇ ਹਰ ਵਾਕ ਦੀਆਂ ਊਣਤਾਈਆਂ ਸਾਨੂੰ ਉਸ ਦੀ ਪੜਤਾਲ ਲਈ ਬੇਬਸ ਕਰ ਦੇਂਦੀਆਂ ਹਨ। ਉਨ੍ਹਾਂ ਲਿਖਿਆ ਹੈ ਕਿ ਬੰਨੋ ਵਾਲੀ ਬੀੜ ਵਿਚ 'ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ' ਦਾ ਪੂਰਾ ਪਾਠ ਦਿਤਾ ਗਿਆ ਹੈ, ਜਦੋਂ ਕਿ ਹਕੀਕਤ ਵਿਚ ਪੂਰਾ ਨਹੀਂ, ਵਾਧੂ ਪਾਠ ਦਿਤਾ ਗਿਆ ਹੈ। ਬੰਨੋ ਬੀੜ ਵਿਚ ਸਾਰੰਗ ਰਾਗ ਅੰਦਰ ਸੂਰਦਾਸ ਦੇ ਸ਼ਬਦ 'ਹਰਿ ਕੇ ਸੰਗ ਬਸੇ ਹਰਿ ਲੋਕ' ਦਾ ਪੂਰਾ ਪਾਠ ਨਹੀਂ ਦਿਤਾ ਗਿਆ, ਸਗੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਦਾ ਪੂਰਾ ਪਾਠ ਹੀ ਪ੍ਰਮਾਣਿਕ ਹੈ। ਬੰਨੋ-ਬੀੜ ਵਿਚ ਸੂਰਦਾਸ ਦੇ ਸ਼ਬਦ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ' ਦਾ ਪੂਰਾ ਪਾਠ ਮਿਲਦਾ ਹੈ। ਰਾਜੇ ਸ਼ਿਵਨਾਭ ਦਾ ਨਾਮ 'ਰਾਹ ਮੁਕਾਮ ਕੀ ਸਾਖੀ' ਨਾਲ ਨਹੀਂ, ਬਲਕਿ ਕਰਤਾਰਪੁਰੀ ਬੀੜ ਵਿਚ ਵੀ ਤਤਕਰੇ ਅੰਦਰ ਰਾਗਮਾਲਾ ਦੇ ਸਿਰਲੇਖ ਵਿਚ ਇੰਞ ਅੰਕਿਤ ਹੈ- ਰਾਗਮਾਲਾ ਤਥਾ ਸਿੰਘਲ ਦੀਪ ਕੀ ਰਾਜੇ ਸਿਵਨਾਭ ਕੀ ਬਿਧਿ। ਡਾ. ਮਾਨ ਨੂੰ ਸਾਰੀਆਂ ਵਾਧੂ ਬਾਣੀਆਂ ਦਾ ਵੀ ਗਿਆਨ ਨਹੀਂ। ਸਾਰੀਆਂ ਬਾਣੀਆਂ ਇਹ ਹਨ- ਰਾਗ ਮਾਰੂ ਵਿਚ ਮੀਰਾ ਬਾਈ ਦਾ ਇਕ ਸ਼ਬਦ 'ਮਨੁ ਹਮਾਰੋ ਬਾਂਧਿਓ ਗੁਨ', ਸਾਰੰਗ ਰਾਗ ਵਿਚ ਸੂਰਦਾਸ ਦਾ ਪੂਰਾ ਸ਼ਬਦ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ', ਜਿਤੁ ਦਰਿ ਲਖ ਮੁਹੰਮਦਾ (ਤਿੰਨ ਸਲੋਕ), ਬਾਇ ਆਤਿਸ਼ (ਸੋਲਾਂ ਸਲੋਕ), ਰਤਨ ਮਾਲ, ਰਾਹ ਮੁਕਾਮ ਕੀ ਸਾਖੀ। ਡਾ. ਮਾਨ ਫ਼ਜ਼ੂਲ ਹੀ ਕਿਸੇ ਦੀ ਅਵਾਂਛਿਤ ਫੋਟੋ, ਤਤਕਰਿਆਂ ਦੀ ਅਜਾਈਂ ਨਕਲ, ਬਿਨਾ ਮਤਲਬ ਕਿਤਾਬਾਂ ਦੇ ਸਕੈਨ ਕੀਤੇ ਵਡੇ-ਛੋਟੇ ਅਤੇ ਭੱਦੀ ਦਿਖ ਵਾਲੇ ਪੰਨਿਆਂ ਨੂੰ ਉਗੜ-ਦੁਗੜ ਇਕਠਾ ਕਰ ਕੇ ਇਹ ਸਮਝਦੇ ਹਨ ਕਿ ਉਨ੍ਹਾਂ ਨੇ ਪ੍ਰਮਾਣਾਂ ਸਹਿਤ ਆਪਣਾ ਪਰਿਪਕ ਅਕਾਦਮਿਕ ਮਤ ਅਟਲ ਪਰਮ-ਸਤਿ ਤੋਂ ਵੀ ਕਿਤੇ ਉਪਰ ਪਰਲੋਕ ਵਿਚ ਸਥਾਪਿਤ ਕਰ ਦਿਤਾ ਹੈ। ਇਸੇ ਨੂੰ ਉਹ ਤਕਨੀਕ ਦੀ ਵਰਤੋਂ ਕਹਿੰਦੇ ਹਨ। ਪਰ ਮੇਰੇ ਮਤ ਅਨੁਸਾਰ ਨਾ ਇਹ ਤਕਨੀਕ ਦੀ ਵਰਤੋਂ ਹੈ, ਨਾ ਇਹ ਅਕਾਦਮਿਕਤਾ ਹੈ। ਭਲਾ

ਕਿਸੇ ਦੀ ਟਾਈਪ ਕੀਤੀ ਪੁਸਤਕ ਵਿਚੋਂ ਵਾਧੂ ਬਾਣੀਆਂ ਦੀ ਸਕੈਨ ਕੀਤੀ ਲਿਸਟ ਨਾਲ ਕੋਈ ਵਿਦਵਾਨ ਬਣ ਜਾਂਦਾ ਹੈ। ਜੋ ਵਿਦਵਾਨ ਸਿਖ ਸਾਹਿਤ ਨੂੰ ਪੜ੍ਹਦੇ, ਸੁਣਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ 'ਗੁਰੁ ਬਿਲਾਸ ਪਾਤਸ਼ਾਹੀ ਛੇਵੀਂ' ਦੇ ਕਰਤਾ ਨੇ ਵਾਧੂ ਬਾਣੀਆਂ ਦੀ ਬਹੁਤ ਵਿਵਸਥਿਤ ਚਰਚਾ ਕੀਤੀ ਹੈ। ਮਾਨ ਸਾਹਿਬ ਦੇ ਪ੍ਰਮਾਣ ਵੀ ਅਧੂਰੇ ਹਨ, ਗਿਆਨ ਵੀ ਅਪੂਰਨ, ਕਿਉਂਕਿ ਅਸਦਵਾਦ ਗਿਆਨ ਦਾ ਅਨੁਸਾਰੀ ਨਹੀਂ ਹੁੰਦਾ, ਗਿਆਨ ਦਾ ਦੁਸ਼ਮਣ ਹੁੰਦਾ ਹੈ। ਸਤਿਵਾਦੀ ਹੋ ਜਾਓ, ਗਿਆਨ ਆਪ ਤੁਹਾਡੇ ਕਦਮ ਚੁੰਮੇਗਾ। ਝੂਠ ਦੀ ਕਾਲਖ਼ ਗਿਆਨ-ਵਿਨਾਸ਼ਕ ਹੁੰਦੀ ਹੈ, ਗਿਆਨ-ਪੋਸ਼ਕ ਨਹੀਂ ਹੁੰਦੀ। ਡਾ. ਮਾਨ ਕਹਿੰਦੇ ਹਨ ਕਿ ਭਾਈ ਮਨੀ ਸਿੰਘ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਪਾਦਿਤ ਬੀੜ ਦਾ ਲਿਖਾਰੀ ਸੀ, ਭਲਾ ਉਹ ਬੰਨੋ-ਬੀੜ ਦਾ ਪਾਠ ਕਿਵੇਂ ਸੰਕਲਿਤ ਕਰ ਸਕਦਾ ਹੈ ? ਮੇਰਾ ਨਿਵੇਦਨ ਹੈ ਕਿ ਦਮਦਮਾ ਸਾਹਿਬ ਦੀ ਧਰਤੀ ਨੂੰ ਗੁਰਮਤਿ ਅਤੇ ਗੁਰਬਾਣੀ ਦੇ ਚਾਨਣ ਨਾਲ ਜਿਤਨਾ ਬਾਬਾ ਦੀਪ ਸਿੰਘ ਨੇ ਸ਼ੋਭਿਤ ਕੀਤਾ, ਉਹ ਲਾਮਿਸਾਲ ਹੈ। ਸ਼ਹੀਦ ਹੋਣ ਦੇ ਨਾਲ ਹੀ ਉਹ ਇਤਨਾ ਮਹਾਨ ਵਿਦਵਾਨ ਹੈ ਕਿ ਉਸ ਨੂੰ ਦਮਦਮੀ ਟਕਸਾਲ ਅਜ ਤਕ ਆਪਣਾ ਸੰਸਥਾਪਕ ਕਹਿ ਕੇ ਸਤਿਕਾਰਦੀ ਹੈ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਪਾਦਿਤ ਆਦਿ ਗ੍ਰੰਥ ਦੇ ਲਿਖਾਰੀਆਂ ਵਿਚ ਵੀ ਸ਼ਾਮਿਲ ਸੀ। ਉਹ ਆਦਿ ਗ੍ਰੰਥ ਦੀਆਂ ਚਾਰ ਬੀੜਾਂ ਦਾ ਲਿਖਾਰੀ ਸੀ। ਉਹ ਸ੍ਰੀ ਦਸਮ ਗ੍ਰੰਥ ਦੀ ਬੀੜ ਦਾ ਵੀ ਸੁਤੰਤਰ ਸੰਕਲਨ-ਕਰਤਾ ਸੀ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਪਰਿਪਾਟੀ ਸਥਾਪਿਤ ਕੀਤੀ, ਜੋ ਹੁਣ ਤਕ ਕਾਇਮ ਹੈ। ਡਾ. ਮਾਨ ਦੇ ਪੂਜਯ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਵਡੇ ਘਲੂਘਾਰੇ ਮਗਰੋਂ ਬਾਬਾ ਦੀਪ ਸਿੰਘ ਨੇ ਆਦਿ ਗ੍ਰੰਥ ਦੀ ਇਕ ਹੋਰ ਬੀੜ ਤਿਆਰ ਕੀਤੀ ਜੋ ਬੰਨੋ-ਬੀੜ ਦਾ ਉਤਾਰਾ ਸੀ। ਇਸ ਬੀੜ ਦੇ ਉਸ ਨੇ ਚਾਰ ਉਤਾਰੇ ਕੀਤੇ, ਜਿਨ੍ਹਾਂ ਵਿਚੋਂ ਇਕ ਹਜ਼ੂਰ ਸਾਹਿਬ, ਦੂਜਾ ਪਟਨਾ ਸਾਹਿਬ, ਤੀਜਾ ਅਮ੍ਰਿਤਸਰ ਅਤੇ ਚੌਥਾ ਦਮਦਮਾ ਸਾਹਿਬ ਸਥਾਪਿਤ ਹੋਏ। ਉਹ ਇਹ ਵੀ ਕਹਿੰਦਾ ਹੈ ਕਿ ਉਸ ਦੁਆਰਾ ਪੁਸਤਕ ਲਿਖਣ ਤਕ ਦਮਦਮਾ ਸਾਹਿਬ ਵਾਲੀ ਬੀੜ ਉਥੇ ਸ਼ੋਭਿਤ ਸੀ, ਯਥਾ-

ਦੀਪ ਸਿੰਘ ਸ਼ਹੀਦ ਜਬਿ ਥਿਰਯੋ ਦਮਦਮੇ ਜਾਇ।
ਆਦਿ ਗ੍ਰੰਥ ਤਿਨ ਔਰ ਇਕ ਬੰਨੋ ਬੀੜ ਲਹਾਇ।....
ਤਿਸ ਪਰ ਤੈ ਫਿਰ ਚਾਰ ਉਨ ਗ੍ਰੰਥ ਲਿਖਾਏ ਔਰ।
ਇਕ ਹਜ਼ੂਰ ਸਾਹਿਬ ਪਠਯੋ ਦੁਤੀਆ ਪਟਨੇ ਗੌਰ।
ਤੀਸਰ ਅੰਮ੍ਰਿਤਸਰ ਥਪਯੋ ਹਰਿ ਮੰਦਰ ਮੈ ਚਾਹਿ।
ਪਹਿਲੇ ਪੋਥੀ ਖੁਲਤ ਥੀ ਪੰਜ ਗ੍ਰੰਥਿ ਤਹਾਹਿਂ।
ਚਤੁਥ ਰਾਖਯੋ ਦਮਦਮੇ ਅਬਿ ਲੌ ਜੋ ਤਹਿਂ ਠੌਰ।
ਇਨ ਗ੍ਰੰਥਨ ਪਰ ਤੈ ਲਿਖੇ ਗਏ ਗ੍ਰੰਥ ਬਹੁ ਔਰ।

ਪੰਥ ਪ੍ਰਕਾਸ਼ 68 ਬਿਸ੍ਰਾਮ, 65-69

ਕੀ ਡਾ. ਮਾਨ ਦਸ ਸਕਦੇ ਹਨ ਕਿ ਬਾਬਾ ਦੀਪ ਸਿੰਘ ਵਰਗੇ ਵਿਦਵਾਨ ਨੇ ਬੰਨੋ-ਬੀੜ ਦੀ ਨਕਲ ਕਿਉਂ ਕੀਤੀ ? ਕਾਰਨ ਸਪਸ਼ਟ ਸੀ, ਕਰਤਾਰਪੁਰੀ ਬੀੜ ਦੇ ਉਤਾਰਿਆਂ ਦੀ ਦੁਰਲਭਤਾ। ਭਾਈ ਮਨੀ ਸਿੰਘ ਵੇਲੇ ਵੀ ਇਹੋ ਸਮਸਿਆ ਸੀ।

21. ਮੈਂ ਆਪਣੀ ਪੁਸਤਕ 'ਸ੍ਰੀ ਦਸਮ ਗ੍ਰੰਥ : ਕਰਤਾ ਸੰਬੰਧੀ ਵਿਵਾਦ ਦੀ ਪੁਨਰ-ਸਮੀਖਿਆ' ਵਿਚ ਲਿਖਿਆ ਸੀ "ਸਾਡੇ ਉਹ ਭਰਾ ਜਿਨ੍ਹਾਂ ਨੇ ਵਿਦੇਸ਼ਾਂ ਵਿਚ ਜਾ ਕੇ ਚੰਗੀ ਕਮਾਈ ਕਰ ਲਈ ਹੈ, ਸਾਡੀ ਰਾਜਨੀਤੀ ਵਿਚ, ਸਾਡੇ ਵਿਦਿਅਕ ਅਦਾਰਿਆਂ ਵਿਚ, ਸਾਡੇ ਧਾਰਮਿਕ ਪ੍ਰਬੰਧ ਵਿਚ ਦਖ਼ਲ ਦੇ ਕੇ ਸਾਨੂੰ ਸਾਡੀ ਗ਼ਰੀਬੀ ਅਤੇ ਆਪਣੀ ਅਮੀਰੀ ਦਾ ਵਾਰ-ਵਾਰ ਇਹਸਾਸ ਕਰਵਾਉਂਦੇ ਹਨ। ਉਹ ਕੀਮਤੀ ਲੈਪ-ਟਾਪਾਂ ਉਤੇ ਨਿਕੰਮੇ-ਨਿਕੰਮੇ ਚਾਰਟ ਬਣਾ ਕੇ, ਆਪਣੇ ਪ੍ਰਾਜੈਕਟਰਾਂ, ਕੈਮਰਿਆਂ ਅਤੇ ਹੋਰ ਵਿਗਿਆਨਿਕ ਸੰਦਾਂ ਨਾਲ ਬਹੁਤ ਚੰਗੀ ਤਰ੍ਹਾਂ ਸੁਸਜਿਤ ਹੋ ਕੇ ਸਾਡੇ ਵਿਦਿਅਕ ਅਦਾਰਿਆਂ ਵਿਚ ਪ੍ਰਵੇਸ਼ ਕਰਦੇ ਹਨ ਅਤੇ ਆਪਣੀ ਬਹੁਤ ਸੂਖਮ ਬੁਧੀ ਅਤੇ ਵਿਦੇਸ਼ਾਂ ਵਿਚ ਹੋਈ ਅਸੀਮ ਬੌਧਿਕ ਪ੍ਰਗਤੀ ਦਾ ਪਰਿਚਯ ਦੇ ਕੇ ਸਾਡੀ ਸਾਧਨਹੀਣਤਾ ਤੋਂ ਉਪਜੇ ਨਿਕੰਮੇਪਨ ਨੂੰ ਕੋਸਦਿਆਂ ਆਪਣੀ ਬੁਧੀਮਾਨਤਾ ਦਾ ਪ੍ਰਭਾਵ ਸਾਡੇ ਉਤੇ ਪਾਉਣ ਦਾ ਸਬਲ ਯਤਨ ਕਰਦੇ ਹਨ, ਖੇਤਰ ਉਨ੍ਹਾਂ ਦਾ ਭਾਵੇਂ ਬੌਧਿਕ ਜਾਂ ਵਿਦਿਅਕ ਨਾ ਹੀ ਹੋਵੇ।" ਇਸ ਸੰਬੰਧੀ ਡਾ. ਮਾਨ ਨੇ ਲਿਖਿਆ ਹੈ "Dr Harbhajan Singh should live in this real academic world rather than in the environs of so called Sants/Mahants / Deravadi Tola(group). He should know that in the modern times use of comuptors, slides shows, video presentations has become an important component of communication in academics to present the evidence in an effective manner. As Harbhajan is in habit of concealing the evidence therefore he hates the tools which expose his weakness. For example note how he concealed the evidence provided by Giani Gian singh, Budha Dal, Jit Singh Sital, Kahan Singh Nabha (Gurmat Martand and Mahan Kosh), and Malcolm." (ਅਰਥਾਤ ਡਾ. ਹਰਭਜਨ ਸਿੰਘ ਨੂੰ ਸੰਤਾਂ/ ਮਹੰਤਾਂ/ ਡੇਰੇਵਾਦੀ ਟੋਲੇ ਦੇ ਵਾਤਾਵਰਣ ਵਿਚ ਰਹਿਣ ਨਾਲੋਂ ਇਸ ਵਾਸਤਵਿਕ ਅਕਾਦਮਿਕ ਦੁਨੀਆ ਵਿਚ ਰਹਿਣਾ ਚਾਹੀਦਾ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਜ ਦੇ ਆਧੁਨਿਕ ਵਕਤ ਵਿਚ ਕੰਪਿਊਟਰਾਂ ਦੀ ਵਰਤੋਂ, ਸਲਾਈਡਾਂ ਅਤੇ ਵੀਡੀਓ ਦੀਆਂ ਪਰਦਰਸ਼ਨੀਆਂ ਅਕਾਦਮਿਕਤਾ ਵਿਚ ਤਥਾਂ ਨੂੰ ਪ੍ਰਭਾਵਕਾਰੀ ਢੰਗ ਨਾਲ ਪੇਸ਼ ਕਰ ਕੇ ਆਪਣੀ ਗਲ ਕਹਿਣ ਲਈ ਬਹੁਤ ਮਹਤਵਪੂਰਨ ਸਾਧਨ ਬਣ ਗਈਆਂ ਹਨ। ਕਿਉਂਕਿ ਹਰਭਜਨ ਨੂੰ ਤਥ ਛਿਪਾਉਣ ਦੀ ਆਦਤ ਹੈ, ਇਸ ਲਈ ਉਹ ਇਨ੍ਹਾਂ ਯੰਤਰਾਂ ਨੂੰ ਨਫ਼ਰਤ ਕਰਦਾ ਹੈ, ਜੋ ਉਸ ਦੀਆਂ ਕਮਜ਼ੋਰੀਆਂ ਨੂੰ ਜ਼ਾਹਿਰ ਕਰ ਦੇਂਦੇ ਹਨ। ਉਦਾਹਰਣ ਲਈ ਵੇਖੋ ਉਸ ਨੇ ਕਿਵੇਂ ਗਿਆਨੀ ਗਿਆਨ ਸਿੰਘ, ਬੁਢਾ ਦਲ, ਜੀਤ ਸਿੰਘ ਸੀਤਲ, ਕਾਨ੍ਹ ਸਿੰਘ ਨਾਭਾ (ਗੁਰਮਤ ਮਾਰਤੰਡ ਅਤੇ ਮਹਾਨ ਕੋਸ਼), ਅਤੇ ਮੈਲਕਮ ਵਲੋਂ ਪ੍ਰਸਤੁਤ ਕੀਤੇ ਤਥਾਂ ਨੂੰ ਛਿਪਾਇਆ ਹੈ।)

ਚੰਗਾ ਅਕਾਦਮਿਕ ਜੀਵਨ ਜੀਣ ਵਾਸਤੇ ਦਿਤੇ ਬਹੁਮੁਲੇ ਸੁਝਾਵਾਂ ਵਾਸਤੇ ਡਾ. ਮਾਨ ਦਾ ਬਹੁਤ ਧੰਨਵਾਦ। ਅਸਲ ਵਿਚ ਮੇਰੀ ਪੁਸਤਕ ਦੀਆਂ ਟਿਪਣੀਆਂ ਨਾ ਤਾਂ ਵਿਦੇਸ਼ਾਂ ਵਿਚ ਵਸਦੇ ਕਿਰਤੀ ਸਿਖਾਂ ਪ੍ਰਤੀ ਹਨ, ਨਾ ਹੀ ਤਕਨੀਕ ਦੇ ਵਿਰੋਧ ਵਿਚ। ਇਹ ਉਨ੍ਹਾਂ ਵਿਅਕਤੀਆਂ ਪ੍ਰਤੀ ਹਨ, ਜੋ ਯੰਤ੍ਰਾਂ ਦੇ ਪਰਦਰਸ਼ਨ ਦੁਆਰਾ ਆਪਣੇ ਡਾਲਰਾਂ ਦੀ ਚਮਕ ਦਾ ਪ੍ਰਭਾਵ ਭਾਰਤ ਵਿਚ ਰਹਿੰਦੇ ਆਪਣੇ ਭਾਈਆਂ ਦੇ ਮਨ-ਮਸਤਕ ਉਤੇ ਪਾ ਕੇ ਹਰ ਖੇਤਰ ਵਿਚ ਸਾਡੇ ਰਾਹਨੁਮਾ ਬਣਨ ਦੀ ਹੋੜ ਵਿਚ ਲਗੇ ਹੋਏ ਹਨ। ਡਾ. ਮਾਨ ਤਾਂ ਕੁਝ ਬੌਧਿਕ ਗ਼ਰੀਬੀ ਵਿਚ ਤੜਪਦੇ ਸਾਡੇ ਭਾਈਆਂ ਨੂੰ ਅਮਰੀਕੀ ਡਾਲਰ ਦੀ ਕੀਮਤ ਦੁਆਰਾ ਪ੍ਰਭਾਵਿਤ ਕਰ ਕੇ ਸ੍ਰੀ ਦਸਮ ਗ੍ਰੰਥ ਵਿਰੁਧ ਊਲ-ਜਲੂਲ ਲਿਖਣ ਲਈ ਭਰਪੂਰ ਤਰੀਕੇ ਨਾਲ ਯਤਨਸ਼ੀਲ ਹਨ। ਇਸੇ ਨੂੰ ਉਹ ਤਨ, ਮਨ ਧਨ ਦੀ ਸੇਵਾ ਕਹਿ ਕੇ ਸਾਡੇ ਵਿਕਾਊ ਹੋਣ ਅਤੇ ਆਪਣੇ ਵਡਾ ਖ਼ਰੀਦਦਾਰ ਹੋਣ ਦਾ ਅਭਿਮਾਨ ਵੀ ਪ੍ਰਗਟ ਕਰਦੇ ਹਨ। ਜਿਹੜਾ ਪੁਲੰਦਾ ਡਾ. ਮਾਨ ਵਾਰ-ਵਾਰ ਇੰਟਰਨੈਟ ਰਾਹੀਂ ਲੋਕਾਂ ਅਗੇ ਸੁਟ ਰਹੇ ਹਨ, ਉਸ ਵਿਚ ਸਕੈਨ ਕਰ ਕੇ ਲਾਈਆਂ ਉਗੜ-ਦੁਗੜ, ਅਵਾਂਛਿਤ, ਊਟ-ਪਟਾਂਗ ਫੋਟੋ-ਕਾਪੀਆਂ ਨੂੰ ਵੇਖ ਕੇ ਸਾਨੂੰ ਇਨ੍ਹਾਂ ਬੇਜਾਨ ਯੰਤ੍ਰਾਂ ਦੀ ਹਤਕ ਮਹਿਸੂਸ ਹੁੰਦੀ ਹੈ। ਜਿਥੋਂ ਤਕ ਤੁਹਾਡੇ ਤਕਨੀਕੀ-ਪਸੰਦ ਅਤੇ ਮੇਰੇ ਤਕਨੀਕ-ਵਿਰੋਧੀ ਹੋਣ ਦਾ ਮਸਲਾ ਹੈ, ਤਾਂ ਮੈਂ ਆਪ ਨੂੰ ਬੇਨਤੀ ਕਰ ਦੇਵਾਂ ਕਿ ਤੁਸੀਂ ਕਈ ਕਿਸਮ ਦੀਆਂ ਕੀਮਤੀ ਮਸ਼ੀਨਾਂ ਵਰਤ ਕੇ ਵੀ ਆਪਣੇ ਇਸ ਪੁਲੰਦੇ ਨੂੰ ਬੇਢੰਗਾ ਰੂਪ ਦਿਤਾ ਹੈ, ਜਦੋਂ ਕਿ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਮੇਰੀਆਂ ਸਾਰੀਆਂ ਪੁਸਤਕਾਂ ਦੀ ਟਾਈਪਿੰਗ ਅਤੇ ਪੂਰੀ ਸੈਟਿੰਗ ਮੇਰੀ ਆਪਣੀ ਹੈ। ਉਨ੍ਹਾਂ ਦੀ ਖ਼ੂਬਸੂਰਤੀ ਅਤੇ ਤੁਹਾਡੇ ਇਸ ਅਵਿਵਸਥਿਤ ਡਾਕੂਮੈਂਟ ਦੀ ਬਦਸੂਰਤੀ ਹੀ ਇਹ ਸਿਧ ਕਰਨ ਲਈ ਕਾਫ਼ੀ ਹੈ ਕਿ ਤਕਨੀਕ ਦਾ ਬਿਹਤਰ ਇਸਤੇਮਾਲ ਕੌਣ ਕਰਦਾ ਹੈ ?

22. ਮਾਨ ਸਾਹਿਬ ਸ੍ਰੀ ਦਸਮ ਗ੍ਰੰਥ ਬਾਰੇ ਕਿਤਨਾ ਕੁ ਜਾਣਦੇ ਹਨ ? ਇਹ ਗਲ ਉਨ੍ਹਾਂ ਦੇ ਇਸ ਕਥਨ ਤੋਂ ਸਪਸ਼ਟ ਹੈ "Please note that Bachitar Natak is only one composition of 471 Chhands, but about other compositions and over 17,000 chhands in Dasam Granth ?" (ਅਰਥਾਤ ਪਾਠਕ ਨੋਟ ਕਰਨ ਕਿ ਵਰਤਮਾਨ ਪ੍ਰਕਾਸ਼ਿਤ ਸ੍ਰੀ ਦਸਮ ਗ੍ਰੰਥ ਦੇ 17000 ਤੋਂ ਵਧੀਕ ਕੁਲ ਛੰਦਾਂ ਵਿਚੋਂ ਬਚਿਤ੍ਰ ਨਾਟਕ ਕੇਵਲ 471 ਛੰਦਾਂ ਦੀ ਇਕ ਰਚਨਾ ਹੈ)। ਡਾ. ਮਾਨ ਦੀ ਜਾਣਕਾਰੀ ਅਨੁਸਾਰ ਸ੍ਰੀ ਦਸਮ ਗ੍ਰੰਥ ਵਿਚ ਕੇਵਲ ਸ੍ਰੀ ਗੁਰੂ ਜੀ ਦੀ ਆਤਮ-ਕਥਾ ਹੀ ਬਿਚਿਤ੍ਰ ਨਾਟਕ ਨਾਮ ਦੀ ਰਚਨਾ ਹੈ। ਉਹ ਇਹ ਨਹੀਂ ਜਾਣਦੇ ਕਿ ਸਾਰੀ ਅਵਤਾਰ ਲੀਲਾ ਹੀ ਬਿਚਿਤ੍ਰ ਨਾਟਕ ਹੈ। ਪ੍ਰਮਾਣ ਲਈ ਉਹ ਕ੍ਰਿਸ਼ਨਾਵਤਾਰ ਦੀ ਆਖ਼ਿਰੀ ਟੂਕ "ਇਤਿ ਸ੍ਰੀ ਦਸਮ ਸਕੰਧ ਪੁਰਾਣੇ, ਬਿਚਿਤ੍ਰ ਨਾਟਕ ਗ੍ਰੰਥੇ ਕ੍ਰਿਸ਼ਨਾਵਤਾਰੇ ਧਯਾਇ ਇਕੀਸਵੋਂ ਸਮਾਪਤਮਸਤੁ ਸੁਭਮਸਤੁ ਅਤੇ ਰੁਦ੍ਰ-ਪਾਰਸਨਾਥ ਦੀ ਅੰਤਲੀ ਟਿਪਣੀ "ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ ਪਾਰਸ ਮਛੰਦ੍ਰ ਸੰਬਾਦੇ ਨ੍ਰਿਪ ਅਬਿਬੇਕ ਆਗਮਨ ਨਾਮ ਸੁਭਟ ਬਰਨਨੰ ਨਾਮ ਧਿਆਇ ਸਮਾਪਤਮਸਤੁ ਸੁਭਮਸਤੁ" ਵੇਖ ਸਕਦੇ ਹਨ।

23. ਸ੍ਰੀ ਦਸਮ ਗ੍ਰੰਥ ਵਿਰੁਧ ਲਹਿਰ ਦੇ ਸੰਚਾਲਕ ਡਾ. ਮਾਨ ਹਰ ਉਸ ਵਿਅਕਤੀ ਦੀ ਰਚਨਾ ਪੜ੍ਹਨ ਵਾਸਤੇ ਪ੍ਰੇਰਦੇ ਹਨ, ਜੋ ਸ੍ਰੀ ਦਸਮ ਗ੍ਰੰਥ ਦਾ ਵਿਰੋਧੀ ਹੋਵੇ। ਆਪਣੇ ਇਸੇ ਏਜੰਡੇ ਦੀ ਪੂਰਤੀ ਲਈ ਉਨ੍ਹਾਂ ਨੇ ਪਾਠਕਾਂ ਦੇ ਸਨਮੁਖ "Opinion of Charanjit Singh on Promotion of Sri Dasam Granth As Parallel Granth a Deep Rooted Plan from his article-Dasam Granth Sankhep parchol" ਰਖਿਆ ਹੈ। ਉਨ੍ਹਾਂ ਦੀ ਮਾਨਤਾ ਹੈ ਕਿ ਇਸ ਪ੍ਰਬੁਧ ਵਿਅਕਤੀ ਦੇ ਵਿਦਵਤਾ ਭਰੇ ਅਮ੍ਰਿਤ ਬਚਨ ਬਹੁਤ ਮਹਾਨ ਹਨ, ਜੋ ਵਿਦਵਾਨਾਂ ਲਈ ਗਿਆਨ-ਵਰਧਕ ਅਤੇ ਪ੍ਰੇਰਨਾ-ਮੂਲ ਸਿਧ ਹੋ ਸਕਦੇ ਹਨ। ਡਾ. ਮਾਨ ਦੇ ਪ੍ਰਭਾਵਸ਼ਾਲੀ ਸ਼ਬਦਾਂ ਤੋਂ ਸਿਖ-ਮਤਿ ਲੈ ਕੇ ਜਦੋਂ ਮੈਂ ਕਥਿਤ ਵਿਦਵਾਨ ਦੀ ਲੇਖਣੀ ਸਰਸਰੀ ਨਜ਼ਰੇ ਵੇਖੀ ਤਾਂ ਸ੍ਰੀ ਦਸਮ ਗ੍ਰੰਥ ਦੇ ਹੋਰ ਵਿਰੋਧੀਆਂ ਵਾਂਗ ਇਹ ਭਾਈ ਜੀ ਵੀ ਪੰਜਵੀਂ ਫੇਲ ਲੋਕਾਂ ਵਾਲੀ ਪੰਜਾਬੀ ਜਾਣਨ ਵਾਲੇ ਗਿਆਨਕਾਂਡੀਏ ਹੀ ਸਿਧ ਹੋਏ। ਭਾਈ ਜੀ ਇਕ ਤੁਕ ਵਿਚ ਗਰੰਥ ਅਗਲੀ ਵਿਚ ਗ੍ਰੰਥ ਲਿਖਦਾ ਹੈ। ਡਾ. ਮਾਨ ਦਾ ਇਹ ਬੁਧੀ-ਦੇਵ ਬੰਨ੍ਹ ਨੂੰ ਬੱਨ੍ਹ, ਗਿਆਤਾ ਨੂੰ ਗਿਯਾਤਾ, ਮੰਨਣ ਨੂੰ ਮਣਨ, ਯੋਜਨਾ ਨੂੰ ਯੋਜਨਾਂ, ਅਨਸਰਾਂ ਨੂੰ ਅੰਸ਼ਾਂ, ਰਖਦਿਆਂ ਨੂੰ ਰਖਿਦਿਆਂ, ਖੱਲ ਨੂੰ ਖ਼ਲ, ਅਨੁਸਾਰ ਨੂੰ ਅਨੁਸਸਾਰ, ਨਿਰਸੰਦੇਹ ਨੂੰ ਨ੍ਰਿਸੰਦੇਹ, ਗੁਰਧਾਮਾਂ ਨੂੰ ਗਰੁਧਾਮਾਂ, ਪੁਰਾਣਾਂ ਨੂੰ ਪੁਰਾਣਾ, ਗ੍ਰਿਹਸਥੀ ਨੂੰ ਗ੍ਰਸਿਤੀ, ਪੁਜਾਰੀਆਂ ਨੂੰ ਪੁਜਰੀਆਂ, ਪਾਖਯਾਨ ਨੂੰ ਪਖਯਾਨ, ਮੰਨਣ ਨੂੰ ਮੰਣਨ, ਦੂਸਰੇ ਨੂੰ ਦੁਸਰੇ ਲਿਖਦਾ ਹੈ। ਮੈਨੂੰ ਅਜਿਹੇ ਲੋਕਾਂ ਉਤੇ ਕੋਈ ਤਰਸ ਨਹੀਂ ਆਉਂਦਾ, ਬਲਕਿ ਉਹ ਵਿਚਾਰੇ ਬਦਨਸੀਬ ਕਾਗ਼ਜ਼ ਤਰਸ ਦੇ ਪਾਤਰ ਲਗਦੇ ਹਨ, ਜਿਨ੍ਹਾਂ ਉਤੇ ਇਹ ਅਗਿਆਨਮਈ ਕਾਲੀਆਂ ਝਰੀਟਾਂ ਖਿਚ ਕੇ ਉਨ੍ਹਾਂ ਦੀ ਪਵਿਤਰਤਾ ਨੂੰ ਕਲੰਕਿਤ ਕਰਣੋ ਨਹੀਂ ਹਟਦੇ। ਇਸ ਸਿਆਣੇ ਅਤੇ ਪਾਰਖੂ ਵਿਦਵਾਨ ਦੀ ਬੁਧੀਮਾਨਤਾ ਦੀ ਪਰਖ ਵਾਸਤੇ ਮੈਂ ਇਸ ਦੀ ਇਕੋ ਪੰਕਤੀ ਪ੍ਰਸਤੁਤ ਕਰਨੀ ਕਾਫ਼ੀ ਸਮਝਦਾ ਹਾਂ। ਇਹ ਬੁਧੀ-ਦੇਵ ਲਿਖਦਾ ਹੈ "ਬਚਿਤ੍ਰ ਨਾਟਕ, ਦਸਮ ਗ੍ਰੰਥ, ਸ੍ਰੀ ਦਸਮ ਗ੍ਰੰਥ ਸਾਹਿਬ, ਆਦਿ ਤੋਂ ਅੱਜ ਇਹ ਕੁਝ ਸਿੱਖ ਧਰਮ ਧਰੋਹੀ ਅਤੇ ਵਿਰੋਧੀ ਅੰਸ਼ਾਂ ਵਲੋਂ 'ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ' ਵਜੋਂ ਸਤਿਕਾਰਿਆ ਜਾਂਦਾ ਹੈ।" ਪਾਠਕ ਵੇਖਣ ਕਿ ਅਜਿਹੇ ਲੋਕ ਸ੍ਰੀ ਦਸਮ ਗ੍ਰੰਥ ਦੀਆਂ ਉਨ੍ਹਾਂ ਕ੍ਰਿਤੀਆਂ ਬਾਰੇ ਲਿਖਦੇ ਹਨ, ਜਿਨ੍ਹਾਂ ਨੂੰ ਜੇ ਕੋਈ ਗੁਰੂ ਜੀ ਦੀਆਂ ਨਾ ਵੀ ਮੰਨੇ, ਨਿਰਸੰਦੇਹ ਕਿਸੇ ਬਹੁਤ ਹੀ ਉਤਮ ਸਾਹਿਤਕਾਰ ਦੀਆਂ ਮੰਨਣੋ ਤਾਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਅਜਿਹੇ ਵਿਦਵਾਨਾਂ ਦੁਆਰਾ ਅਨੁਭੂਤ ਗਿਆਨ ਡਾ. ਮਾਨ ਨੂੰ ਮੁਬਾਰਕ। ਮੈਨੂੰ ਅਜਿਹੀਆਂ ਅਕ੍ਰਿਤੀਆਂ ਬਾਰੇ ਕੁਝ ਲਿਖਣਾ-ਬੋਲਣਾ ਵੀ ਅਪਮਾਨਜਨਕ ਲਗਦਾ ਹੈ।

24. ਡਾ. ਮਾਨ ਨੂੰ ਇਸ ਗਲ ਉਤੇ ਇਤਰਾਜ਼ ਹੈ ਕਿ ਮੈਂ ਅਤੇ ਡਾ. ਜੋਧ ਸਿੰਘ ਉਨ੍ਹਾਂ ਨੂੰ ਹਡੀਆਂ ਦਾ ਡਾਕਟਰ ਮੰਨਦੇ ਹਾਂ। ਉਹ ਲਿਖਦੇ ਹਨ "I have noticed that while discussing the history and authenticity of Dasam Granth, Dr. Jodh Singh and Dr.Harbhajan Singh go out of their way to point out my academic and professional background in medical sciences "ਸ. ਜਸਬੀਰ ਸਿੰਘ 'ਮਾਨ' ਜੋ ਕਿ ਪੇਸ਼ੇ ਵਜੋਂ ਹਡੀਆਂ ਦੇ ਡਾਕਟਰ ਹਨ" For readers' information I may share that I am a M.B. B.S. from Punjab University, and Master of Surgery from P.G.I. Chandigarh, 5 year Orthopedic Surgery training in USA affiliated with Columbia University, NY, Diplomat American Board of Orthopedic Surgery, Fellow American Academy of Orthopedic

Surgeons, Fellow International College of Surgeons, Fellow American College of International 73 Physicians and D.Lit. [Honoris Causa] Punjabi University, Patiala,India 2001. Dr. Jodh Singh and Harbhajan Singh want to imply that I am not qualified to indulge in discussions about Dasam Granth." (ਅਰਥਾਤ ਮੈਂ ਵੇਖਿਆ ਹੈ ਕਿ ਜਦੋਂ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਚਰਚਾ ਕੀਤੀ ਜਾਂਦੀ ਹੈ, ਤਾਂ ਡਾ. ਜੋਧ ਸਿੰਘ ਅਤੇ ਡਾ. ਹਰਭਜਨ ਸਿੰਘ ਵਿਸ਼ੇ ਤੋਂ ਭਟਕ ਕੇ ਮੇਰੀ ਅਕਾਦਮਿਕ ਅਤੇ ਕਿਰਤ ਸੰਬੰਧੀ ਪ੍ਰਿਸ਼ਠ-ਭੂਮੀ ਮੈਡੀਕਲ ਸਾਇੰਸਿਜ਼ ਵਿਚ ਦਸ ਕੇ ਕਿੰਤੂ ਕਰਦੇ ਹਨ। ….. ਪਾਠਕਾਂ ਦੀ ਜਾਣਕਾਰੀ ਵਾਸਤੇ ਦਸ ਦੇਵਾਂ ਕਿ ਮੈਂ ਪੰਜਾਬ ਯੂਨੀਵਰਸਿਟੀ ਤੋਂ ਐਮ. ਬੀ. ਬੀ. ਐਸ, ਪੀ. ਜੀ. ਆਈ. ਚੰਡੀਗੜ੍ਹ ਤੋਂ ਮਾਸਟਰ ਆਫ ਸਰਜਰੀ, ਅਮਰੀਕਾ ਵਿਚ ਕੋਲੰਬੀਆ ਤੋਂ 5 ਸਾਲਾ ਹਡੀਆਂ ਦੀ ਸਰਜਰੀ ਦੀ ਟ੍ਰੇਨਿੰਗ-ਪ੍ਰਾਪਤ, ਅਮਰੀਕਾ ਦੇ ਹਡੀਆਂ ਦੀ ਸਰਜਰੀ ਦੇ ਬੋਰਡ ਦਾ ਡਿਪਲੋਮੈਟ, ਅਮਰੀਕਾ ਦੇ ਹਡੀਆਂ ਦੇ ਸਰਜਨਾਂ ਦੀ ਅਕੈਡਮੀ ਦਾ ਫੈਲੋ, ਸਰਜਨਾਂ ਦੇ ਅੰਤਰ-ਰਾਸ਼ਟਰੀ ਕਾਲਿਜ ਦਾ ਫੈਲੋ, ਅਮਰੀਕਾ ਦੇ ਅੰਤਰ-ਰਾਸ਼ਟਰੀ 73 ਫਿਜੀਸ਼ਨਸ ਦੇ ਕਾਲਿਜ ਦਾ ਫੈਲੋ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਡੀ. ਲਿਟ. ਹਾਂ। (ਤਾਂ ਵੀ) ਡਾ. ਜੋਧ ਸਿੰਘ ਅਤੇ ਹਰਭਜਨ ਸਿੰਘ ਚਾਹੁੰਦੇ ਹਨ ਕਿ ਮੈਂ 'ਦਸਮ ਗ੍ਰੰਥ' ਸੰਬੰਧੀ ਚਰਚਾ ਵਿਚ ਹਿਸਾ ਨਾ ਲਵਾਂ।) ਪਾਠਕ ਆਪ ਹੀ ਯੋਗਤਾਵਾਂ ਵੇਖ ਕੇ ਸਮਝ ਲੈਣ ਕਿ ਅਸਾਂ ਕੀ ਗ਼ਲਤ ਕਿਹਾ ਹੈ। ਡਾ. ਮਾਨ ਦੀਆਂ ਉਪਰੋਕਤ ਯੋਗਤਾਵਾਂ ਵੇਖ ਕੇ ਹੀ ਇਹ ਕਹਿਣਾ ਪੈਂਦਾ ਹੈ ਕਿ ਉਹ ਹਡੀਆਂ ਦੇ ਅੰਤਰ-ਰਾਸ਼ਟਰੀ ਪ੍ਰਸਿਧੀ ਪ੍ਰਾਪਤ ਡਾਕਟਰ ਹਨ, ਜਿਨ੍ਹਾਂ ਦੀਆਂ ਆਪਣੇ ਖੇਤਰ ਵਿਚ ਪ੍ਰਾਪਤੀਆਂ ਪੰਥ ਲਈ ਗੌਰਵਮਈ ਹਨ। ਜੇ ਉਹ ਸਾਡੇ ਦੇਸ਼ ਵਿਚ ਹੁੰਦੇ ਤਾਂ ਅਸੀਂ ਆਪਣੀ ਜਾਣ-ਪਛਾਣ ਵਾਲਿਆਂ ਨੂੰ ਜ਼ਰੂਰ ਸਲਾਹ ਦੇਂਦੇ ਕਿ ਹਡੀਆਂ ਦੇ ਇਲਾਜ ਵਾਸਤੇ ਡਾ. ਮਾਨ ਵਰਗੇ ਮਾਹਿਰ ਡਾਕਟਰ ਬਹੁਤ ਘਟ ਹਨ ਅਤੇ ਉਨ੍ਹਾਂ ਨੂੰ ਛਡ ਕੇ ਕਿਸੇ ਹੋਰ ਕੋਲ ਹਡੀਆਂ ਦੇ ਇਲਾਜ ਲਈ ਜਾਣ ਵਿਚ ਵਡਾ ਖ਼ਤਰਾ ਹੋ ਸਕਦਾ ਹੈ। ਮੈਂ ਬਹੁਤ ਹੀ ਸੁਹਿਰਦ ਮਨ ਨਾਲ ਸਿਖਾਂ, ਗੈਰ-ਸਿਖਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਲੋਕਾਂ ਕੋਲ ਧਨ ਦੀ ਘਾਟ ਨਾ ਹੋਵੇ, ਉਹ ਜ਼ਰੂਰਤ ਪੈਣ ਤੇ ਅਮਰੀਕਾ ਜਾ ਕੇ ਉਨ੍ਹਾਂ ਦੀ ਵਿਸ਼ੇਸ਼ਗਤਾ ਦਾ ਲਾਭ ਜ਼ਰੂਰ ਪ੍ਰਾਪਤ ਕਰਨ। ਪਰ ਡਾ. ਮਾਨ ਨੂੰ ਬੇਨਤੀ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਡਿਗਰੀਆਂ ਮਨੁੱਖ ਦੀਆਂ ਹਡੀਆਂ ਸਿਧੀਆਂ ਕਰਨ ਵਾਲੀਆਂ ਹਨ। ਕੋਈ ਵੀ ਡਿਗਰੀ ਅਜਿਹੀ ਨਹੀਂ, ਜੋ ਧਰਮ-ਗ੍ਰੰਥਾਂ ਦੇ ਹਡ-ਭੰਨਣ ਵਾਲੀ ਹੋਵੇ। ਫਿਰ ਉਹ ਸ੍ਰੀ ਦਸਮ ਗ੍ਰੰਥ ਦੇ ਹਡ-ਭੰਨਣ ਲਈ ਇਤਨਾ ਸਰਮਾਇਆ ਕਿਉਂ ਖ਼ਰਚ ਰਹੇ ਹਨ ? ਉਨ੍ਹਾਂ ਦੀਆਂ ਉਪਰੋਕਤ ਡਿਗਰੀਆਂ ਵਿਚੋਂ ਇਕ ਵੀ ਅਜਿਹੀ ਨਹੀਂ, ਜੋ ਉਨ੍ਹਾਂ ਨੂੰ ਧਰਮ ਅਧਿਐਨ ਵਿਚ ਪੰਜਵੀਂ ਪਾਸ ਵੀ ਸਿਧ ਕਰਦੀ ਹੋਵੇ। ਸੋ ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਆਪਣੀ ਚਾਦਰ ਤੋਂ ਬਾਹਰ ਪੈਰ ਪਸਾਰਨਾ ਕਿਸੇ ਵਾਸਤੇ ਵੀ ਅਪਮਾਨ-ਜਨਕ ਹੋ ਸਕਦਾ ਹੈ।

25. ਜਿਸ 'ਭਗੌਤੀ' ਦੇਵੀ ਦਾ ਸ੍ਰੀ ਦਸਮ ਗ੍ਰੰਥ ਵਿਚ ਵਰਣਨ ਵਿਰੋਧੀ ਪਖ ਦੇ ਮਨ ਵਿਚ ਸਹਿਮ ਪੈਦਾ ਕਰਦਾ ਹੈ, ਉਸ ਨੂੰ ਸੁਹਿਰਦਤਾ ਨਾਲ ਪ੍ਰਵਾਣ ਕਰਦਿਆਂ ਡਾ. ਮਾਨ ਜੀ ਦੁਆਰਾ ਪ੍ਰਵਾਣਿਤ ਪਰਮ ਗਿਆਨਵਾਨ ਭਾਈ ਕਾਨ੍ਹ ਸਿੰਘ 'ਨਾਭਾ' ਲਿਖਦੇ ਹਨ-

ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ। ਕਰੇ ਏਕ ਤੇ ਦਵੈ ਸੁਭਟ ਹਾਥ ਸੋਹੀ।
ਜੋਊ ਮਯਾਨ ਤੇ ਬੀਰ ਤੋ ਕੋ ਸੜੱਕੈ। ਪਲੈ ਕਾਲ ਕੇ ਸਿੰਧੂ ਬੱਕੈ ਕੜੱਕੈ।
ਧਸੈਂ ਖੇਤ ਮੈਂ ਹਾਥ ਲੈ ਤੋਹਿ ਸੂਰੇ। ਭਿਰੈ ਸਾਮੁਹੇ ਸਿਧ ਸਾਵੰਤ ਸੂਰੇ।

(ਹਮ ਹਿੰਦੂ ਨਹੀਂ 1979, ਸਫ਼ਾ 108)

ਹਾਲਾਕਿ ਸਚੇਤ ਪਾਠਕ ਨੂੰ ਪਤਾ ਹੈ ਕਿ ਗਿਆਨੀ ਗਿਆਨ ਸਿੰਘ ਸ੍ਰੀ ਦਸਮ ਗ੍ਰੰਥ ਨੂੰ ਬਹੁਤ ਦ੍ਰਿੜ੍ਹਤਾ ਸਹਿਤ ਗੁਰੂ-ਕ੍ਰਿਤ ਮੰਨਦੇ ਸਨ, ਫਿਰ ਵੀ ਡਾ. ਮਾਨ ਗਿਆਨੀ ਗਿਆਨ ਸਿੰਘ ਜੀ ਦੇ ਬਹੁਤ ਪ੍ਰਸ਼ੰਸਕ ਹਨ, ਕਿਉਂਕਿ ਉਨ੍ਹਾਂ ਦੀਆਂ ਕੁਝ ਗਲਾਂ ਨੂੰ ਆਪਣੀ ਮਰਜ਼ੀ ਨਾਲ ਤੋੜ-ਮਰੋੜ ਕੇ ਆਪਣੇ ਹਿਤ ਲਈ ਵਰਤਣ ਵਾਸਤੇ ਉਹ ਆਜ਼ਾਦ ਹਨ। ਉਹ ਤਾਂ ਜਵਾਬ ਦੇਣ ਲਈ ਧਰਤੀ ਉਤੇ ਆ ਨਹੀਂ ਸਕਦੇ। ਪਰ ਸ਼ਾਇਦ ਡਾ. ਮਾਨ ਨੇ ਉਨ੍ਹਾਂ ਦੇ ਇਹ ਮੰਗਲ ਨਹੀਂ ਪੜ੍ਹੇ ਹੋਣੇ-

ਸ਼ਿਵ ਨੰਦਨ ਆਨੰਦ ਕੰਦ ਬਪੁ, ਜਸ ਚੰਦ ਅਮੰਦ ਸੁਛੰਦ ਮਹਾਨੈ।
ਨਰਨਾਰ ਸੁਰਾਸੁਰ ਬੰਦਤ ਹੈਂ, ਪੁਰ ਚੌਦਸ ਮੈਂ ਜਿੰਹ ਕੋ ਜਗ ਜਾਨੈ।
ਸਭ ਸਿਧ ਮਨੋਰਥ ਕੇ ਕਰਤਾ, ਹਰਤਾ ਨਿਜ ਦਾਸਨ ਕੇ ਬਿਘਨਾਨੈ।
ਸੋ ਗਣਰਾਜ ਬਿਰਾਜ ਰਿਦੈ ਮਮ, ਕਾਜ ਕਰੈ ਸੁਭ ਮੰਗਲ ਠਾਨੈ।੩।

(ਪੰਥ ਪ੍ਰਕਾਸ਼, ਬਿਸ੍ਰਾਮ ਪਹਿਲਾ)

ਸਸਿ ਸਾਰਦ ਪਾਰਦ ਕੁੰਦ ਮਨਿੰਦ, ਅਨਿੰਦ ਬੁਲਿੰਦ ਸਰੂਪ ਧਰੇ।
ਭੁਜ ਦੰਡ ਪ੍ਰਚੰਡ ਸੁ ਮੰਡਤ ਬੀਨ, ਅਖੰਡ ਜਸੈਂ ਬ੍ਰਹਮੰਡ ਭਰੇ।
ਰਿਖ ਮਾਨਵ ਦਾਨਵ ਦੇਵ ਅਦੇਵ, ਧਿਆਇ ਜਿਸੈ ਬਰ ਬੈਨ ਰਰੇ।
ਵ੍ਰਹ ਸਾਰਸ੍ਰਤੀ ਕੁਮਤੀ ਹਰ, ਦੈ ਸੁਮਤੀ ਰਸਨਾ ਪਰ ਬਾਸ ਕਰੇ।੪।

(ਪੰਥ ਪ੍ਰਕਾਸ਼, ਬਿਸ੍ਰਾਮ ਪਹਿਲਾ)

ਇਹ ਪੜ੍ਹ ਕੇ ਡਾ. ਮਾਨ ਜ਼ਰੂਰ ਹੀ ਗਿਆਨੀ ਜੀ ਨੂੰ ਹਿੰਦੂਵਾਦੀ ਕਹਿ ਕੇ ਤ੍ਰਿਸਕਾਰਣਗੇ, ਪਰ ਵਿਚਾਰਵਾਨ ਸਿਖ ਗਿਆਨੀ ਜੀ ਦੀ ਸਿਖੀ ਉਤੇ ਸੰਦੇਹ ਨਹੀਂ ਕਰ ਸਕਦੇ। ਅਸਲ ਵਿਚ ਇਹ ਉਹ ਜੁਗਤਿ ਸੀ, ਜਿਸ ਦੁਆਰਾ ਸਾਡੇ ਵਿਚਾਰਕ ਅਨਮਤੀਆਂ ਵਿਚ ਵਿਚਰ ਕੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਪ੍ਰਸਾਰ ਕਰਦੇ ਸਨ। ਉਂਵ ਗੁਰੂ ਦੀਆਂ ਦਸ ਪਾਤਸ਼ਾਹੀਆਂ ਦੀ ਮਹਿਮਾ ਕਰਨ ਵਿਚ ਜੇ ਗਣੇਸ਼, ਸਰਸਵਤੀ ਆਦਿ ਨੂੰ ਸ਼ਾਮਿਲ ਕਰ ਵੀ ਲਿਆ ਜਾਵੇ, ਤਾਂ ਕੋਈ ਦੇਵ-ਪੂਜਾ ਸਥਾਪਿਤ ਨਹੀਂ ਹੋ ਜਾਂਦੀ, ਸਗੋਂ ਇਨ੍ਹਾਂ ਦੇਵਾਂ ਨੂੰ ਗੁਰੂ ਦੇ ਮੁਰੀਦਾਂ ਦੀ ਕਤਾਰ ਵਿਚ ਖੜੋਤਿਆਂ ਦਰਸਾਇਆ ਜਾਂਦਾ ਹੈ। ਇਸੇ ਭਾਵ ਨੂੰ ਸਾਹਮਣੇ ਰਖ ਕੇ ਅਜਿਹੇ ਮੰਗਲ ਲਿਖੇ ਜਾਂਦੇ ਸਨ ਅਤੇ ਇਸੇ

ਭਾਵ ਨੂੰ ਲੈ ਕੇ ਨਿਰਮਲ, ਉਦਾਸੀ ਆਦਿ ਭੇਖ ਵੇਦ-ਪੁਰਾਣਾਂ ਦਾ ਨਾਮ ਸਤਿਕਾਰ ਨਾਲ ਲੈ ਕੇ ਵਿਸਤਾਰ ਗੁਰਮਤਿ-ਗਿਆਨ ਦਾ ਕਰਦੇ ਸਨ।

26. ਡਾ. ਮਾਨ ਅਤੇ ਦਸਮ ਗ੍ਰੰਥ ਦੇ ਵਿਰੋਧੀ ਕਹਿੰਦੇ ਹਨ ਕਿ ਜੇ ਸ਼੍ਰੀ ਦਸਮ ਗ੍ਰੰਥ 'ਖ਼ਾਲਸਾ ਪੰਥ' ਦਾ ਗ੍ਰੰਥ ਹੈ, ਤਾਂ ਇਸ ਵਿਚ 'ਖ਼ਾਲਸੇ' ਦੀ ਰਹਿਤ ਕਿਉਂ ਨਹੀਂ ਦਿਤੀ ਗਈ ? ਮੇਰਾ ਨਿਵੇਦਨ ਹੈ ਕਿ ਵਿਰੋਧੀ ਵਿਦਵਾਨਾਂ ਦਾ ਸਿਖ ਪੰਥ ਦੀ ਸਮੁਚਿਤ ਵਿਵਸਥਾ ਦਾ ਤਾਤਵਿਕ-ਗਿਆਨ ਅਧੂਰਾ ਹੈ। ਸੰਸਾਰ ਦੇ ਧਾਰਮਿਕ ਪੰਥਾਂ ਵਿਚੋਂ ਕੇਵਲ ਇਕੋ 'ਖ਼ਾਲਸਾ ਪੰਥ' ਹੈ, ਜਿਸ ਨੂੰ ਸਨਾਤਨਵਾਦ ਦੀ ਰੂੜੀਵਾਦਿਤਾ ਅਤੇ ਪਰੰਪਰਾਵਾਦ ਦੇ ਅਗਿਆਨ ਤੋਂ ਮੁਕਤ ਰਖਿਆ ਗਿਆ ਹੈ। ਜੇ ਸਿਖ ਰਹਿਤ ਇਸਲਾਮਿਕ ਸ਼ਰ੍ਹਾ ਦੇ ਕੁਰਾਨ ਵਿਚ ਲਿਖੇ ਜਾਣ ਵਾਂਗ ਗੁਰੂ ਜੀ ਦੁਆਰਾ ਕਿਸੇ ਵੀ ਗ੍ਰੰਥ ਵਿਚ ਲਿਖ ਦਿਤੀ ਜਾਂਦੀ, ਤਾਂ ਵੀਹਵੀਂ ਸਦੀ ਦਾ ਸਿੰਘ-ਸਭਾਈ ਚਿੰਤਨ ਰਹਿਤ ਮਰਯਾਦਾ ਦੀ ਪੁਨਰ-ਸਮੀਖਿਆ ਦੇ ਨਿਸ਼ਾਨੇ ਨੂੰ ਕਦੇ ਵੀ ਪ੍ਰਾਪਤ ਨਹੀਂ ਸੀ ਕਰ ਸਕਦਾ। ਫਿਰ ਗੁਰਦੁਆਰਾ ਸੁਧਾਰ ਅੰਦੋਲਨ ਮਗਰੋਂ ਵਿਵਸਥਿਤ ਹੋਈ ਰਹਿਤ ਮਰਯਾਦਾ ਸਮੇਂ-ਅਨੁਕੂਲ ਨਹੀਂ ਸੀ ਹੋਣੀ, ਸਨਾਤਨਵਾਦੀ ਹੋਣੀ ਸੀ। ਮੇਰਾ ਨਿਸ਼ਚਾ ਹੈ ਕਿ ਕੁਝ ਕੁ ਬੁਨਿਆਦੀ ਆਧਾਰਾਂ ਨੂੰ ਧਿਆਨ ਵਿਚ ਰਖ ਕੇ ਪੰਥ ਆਪਣੀ ਰਹਿਣੀ ਦੀ ਵਾਰ-ਵਾਰ ਪੁਨਰ-ਸਮੀਖਿਆ ਕਰ ਸਕਦਾ ਹੈ। ਇਸ ਲਈ ਨਾ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਨਾ ਹੀ ਸ਼੍ਰੀ ਦਸਮ ਗ੍ਰੰਥ ਸਾਹਿਬ ਵਿਚ। ਪਰ ਤੁਹਾਡਾ ਇਹ ਤਰਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਲਈ ਚੈਲੇਂਜ ਹੋ ਸਕਦਾ ਹੈ, ਕਿਉਂਕਿ ਕਲ੍ਹ ਨੂੰ ਕੋਈ ਇਹ ਕਹੇਗਾ, ਜਿਸ ਗ੍ਰੰਥ ਵਿਚ ਕਿਸੇ ਕੌਮ ਦੀ ਰਹਿਤ ਮਰਯਾਦਾ ਹੀ ਨਹੀਂ, ਉਸ ਨੂੰ ਉਸ ਕੌਮ ਦਾ ਗੁਰੂ ਕਿਵੇਂ ਕਿਹਾ ਜਾਵੇ ? ਸੋ ਸਿਧਾਂਤ ਦੀ ਠੀਕ ਸੂਝ ਹੀ ਲਾਭਵੰਦੀ ਹੋ ਸਕਦੀ ਹੈ, ਮਨ ਦਾ ਜ਼ੋਰ ਨਹੀਂ।

27. ਪੰਡਿਤ ਰਾਧਾ ਕ੍ਰਿਸ਼ਨ ਦੁਆਰਾ ਸ਼੍ਰੀ ਗ੍ਰੰਥ ਦੀ ਦੇਵਨਾਗਰੀ ਵਿਚ ਲਿਖੀ ਬੀੜ ਸੰਬੰਧੀ ਸੰਦੇਹਾਂ ਦਾ ਉਤਰ ਮੈਂ ਪਹਿਲਾਂ ਹੀ ਦੇ ਚੁਕਿਆ ਹਾਂ, ਪਰ ਡਾ. ਮਾਨ ਫਿਰ ਉਕਤੀਆਂ-ਯੁਕਤੀਆਂ ਨਾਲ ਇਸ ਨੂੰ ਅੰਗਰੇਜ਼ਾਂ ਦੀ ਸਾਜ਼ਿਸ਼ ਦਾ ਰੰਗ ਦੇਣ ਵਾਸਤੇ ਕ੍ਰਿਤ-ਸੰਕਲਪ ਹਨ। ਡਾ. ਮਾਨ ਕਹਿੰਦੇ ਹਨ ਕਿ ੳ. ਇਸ ਵਿਚ ੴ ਨੂੰ 'ਓਅਮ' ਵਿਚ ਕਿਉਂ ਬਦਲ ਦਿਤਾ ਗਿਆ ? ਅ. ਸਿਖਾਂ ਦੀ ਅੰਗਰੇਜ਼ਾਂ ਹਥੋਂ ਹਾਰ ਦੇ ਦੋ ਮਹੀਨੇ ਬਾਅਦ ਫਰਵਰੀ ੧੮੪੭ ਵਿਚ ਹੀ ਇਹ ਬੀੜ ਲਾਹੌਰ ਦਰਬਾਰ ਤਕ ਕਿਵੇਂ ਪੁਜ ਗਈ ?

ਡਾ. ਮਾਨ ਸ਼ਾਇਦ ਜਾਣਦੇ ਨਹੀਂ ਕਿ 'ਓਅੰਕਾਰ' ਵੀ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਤੋਂ ਹੀ ਆਇਆ ਹੈ। ਉਦਾਹਰਣ ਵਾਸਤੇ ਮਾਂਡੂਕਯ ਅਤੇ ਪ੍ਰਸ਼ਨ ਉਪਨਿਸ਼ਦਾਂ ਦੇ ਮੰਤ੍ਰ ਹੇਠਾਂ ਦਿਤੇ ਹਨ-

ਅਮਾਤ੍ਰ ਚਤੁਰਥ: ਅਵ੍ਯਵਹਾਰ੍ਯ: ਪ੍ਰਪਞ੍ਚੋਪਸ਼ਮ: ਸ਼ਿਵ: ਅਦਵੈਤ ਏਵਮ੍ ਓਂਕਾਰ
ਆਤ੍ਮਾ ਏਵ ਸੰਵਿਸ਼ਤਿ ਆਤ੍ਮਾਨਾ ਆਤ੍ਮਾਨਮ੍ ਯ ਏਵਮ੍ ਵੇਦ ਯ ਏਵਮ੍ ਵੇਦ।

(ਮਾਂਡੂਕ੍ਯ ਉਪਨਿਸ਼ਦ, ਮੰਤ੍ਰ 12)

ਅਥ ਹ ਏਨਮ੍ ਸ਼ੈਬ੍ਯ: ਸਤ੍ਯਕਾਮ: ਪਪ੍ਰਚ੍ਛ।
ਸ: ਯ: ਹ ਵੈ ਤਤ੍ ਭਗਵਨ੍ ਮਨੁਸ਼੍ਯੇਸ਼ੁ ਪ੍ਰਾਯਣਾਨ੍ਤਮ੍ ਓਂਕਾਰਮ੍ ਅਭਿਧ੍ਯਾਯੀਤ।
ਕਤਮਮ੍ ਵਾਬ ਸ: ਤੇਨ ਲੋਕਮ੍ ਜਯਤਿ ਇਤਿ।

(ਪ੍ਰਸ਼ਨ ਉਪਨਿਸ਼ਦ, ਪ੍ਰਸ਼ਨ 5, ਮੰਤ੍ਰ 1)

ਪ੍ਰਸ਼ਨ 5 ਦੇ ਦੂਜੇ ਮੰਤ੍ਰ ਵਿਚ ਵੀ 'ਓਂਕਾਰ' ਆਇਆ ਹੈ ਅਤੇ ਪੰਜਵੇਂ ਮੰਤ੍ਰ ਵਿਚ ਉਸੇ ਨੂੰ 'ਓਮ' ਲਿਖਿਆ ਹੈ। ਗੁਰਬਾਣੀ ਵਿਚ ਓਅੰ, ਓਅੰਕਾਰ ਅਤੇ ਏਕੰਕਾਰ ਤਿੰਨੇ ਸ਼ਬਦ ਆਏ ਹਨ-

ਓਅੰ ਸਾਧ ਸਤਿਗੁਰ ਨਮਸਕਾਰੰ ॥

ਬਾਵਨ ਅਖਰੀ ਮਹਲਾ ੫, ਸਫ਼ਾ ੨੫੦

ਓਅੰ ਗੁਰਮੁਖਿ ਕੀਓ ਅਕਾਰਾ ॥

ਬਾਵਨ ਅਖਰੀ ਮਹਲਾ ੫, ਸਫ਼ਾ ੨੫੦

ਓਅੰਕਾਰ ਆਦਿ ਮੈ ਜਾਨਾ ॥

ਬਾਵਨ ਅਖਰੀ, ਕਬੀਰ, ਸਫ਼ਾ ੩੪੦

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥

ਰਾਮਕਲੀ, ਮਹਲਾ ੧, ਦਖਣੀ ਓਅੰਕਾਰੁ, ਸਫ਼ਾ ੯੨੯

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥

ਮਾਰੂ (ਸੋਲਹੇ), ਮਹਲਾ ੧, ਸਫ਼ਾ ੧੦੩੪

ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥

ਕਾਨੜਾ ਵਾਰ, ਮਹਲਾ ੪, ਸਫ਼ਾ ੧੩੧੪

ਸਪਸ਼ਟ ਹੈ ਕਿ ਗੁਰਬਾਣੀ ਵਿਚ ਵੀ ਓਅੰ, ਓਅੰਕਾਰ ਅਤੇ ਏਕੰਕਾਰ ਤਿੰਨੇ ਸ਼ਬਦ ਇਕੋ ਅਕਾਲ-ਪੁਰਖ ਵਾਸਤੇ ਆਏ ਹਨ। ਸ਼ਬਦਾਂ ਨੂੰ ਨਫ਼ਰਤ ਦਾ ਕਾਰਨ ਬਣਾ ਕੇ ਜੋ ਲੋਕ ਪਰਮੇਸ਼ਰ ਨੂੰ ਖੰਡਿਤ ਕਰਨਾ ਚਾਹੁੰਦੇ ਹਨ, ਰੱਬ ਨੂੰ ਟੁਕੜਿਆਂ ਵਿਚ ਵੰਡ ਕੇ ਸੁਖ ਦੀ ਅਨੁਭੂਤੀ ਕਰਦੇ ਹਨ, ਉਹ ਕੁਝ ਵੀ ਹੋ ਸਕਦੇ ਹਨ, ਧਾਰਮਿਕ ਨਹੀਂ। ਮਾਨ ਸਾਹਿਬ ਸਪਸ਼ਟ ਕਰਨ ਕਿ ਕੀ ਉਹ ਗੁਰਬਾਣੀ ਦੀਆਂ ਉਪਰੋਕਤ ਪੰਕਤੀਆਂ ਵਿਚ ਆਏ 'ਓਅਮ੍ (ਓਅੰ) ਨੂੰ ਵੀ ਕਿਸੇ ਬ੍ਰਾਹਮਣ ਦੀ ਮਿਲਾਵਟ ਮੰਨਦੇ ਹਨ ? ਵਾਸਤਵ ਵਿਚ ਸੰਸਕ੍ਰਿਤ ਜਾਣਨ ਵਾਲੇ ਲੋਕ 'ਓਅਮ' ਅਤੇ 'ਓਅੰਕਾਰ' ਵਿਚ ਕੋਈ ਫ਼ਰਕ ਨਹੀਂ ਸੀ ਕਰਦੇ, ਇਸ ਲਈ ਦੇਵਨਾਗਰੀ ਵਿਚ ਜੇ ਕਿਸੇ ਨੇ 'ਓਅੰਕਾਰ' ਨੂੰ

'ਓਅਮ' ਦੁਆਰਾ ਚਿੰਨ੍ਹਿਤ ਕਰ ਦਿਤਾ, ਤਾਂ ਇਸ ਨੂੰ ਸਾਜ਼ਿਸ਼ ਮਿਥ ਲੈਣਾ ਠੀਕ ਨਹੀਂ। ਪੰਡਿਤ ਰਾਧਾ ਕ੍ਰਿਸ਼ਨ ਨੇ ਸ੍ਰੀ ਦਸਮ ਗ੍ਰੰਥ ਦੇਵਨਾਗਰੀ ਵਿਚ ਲਿਖ ਕੇ ਸ੍ਰੀ ਗੁਰੂ ਜੀ ਦੀ ਬਾਣੀ ਨੂੰ ਹਿੰਦੀ ਭਾਸ਼ੀ ਲੋਕਾਂ ਤਕ ਪਹੁੰਚਾਉਣ ਦਾ ਜੋ ਪ੍ਰਯਤਨ ਕੀਤਾ, ਉਸ ਨੂੰ ਅੰਗਰੇਜ਼ਾਂ ਦੀ ਸਾਜ਼ਿਸ਼ ਕਹਿਣਾ ਕਦੇ ਵੀ ਉਚਿਤ ਨਹੀਂ ਕਿਹਾ ਜਾ ਸਕਦਾ। ਫਿਰ ਜੇ ਅੰਗਰੇਜ਼ਾਂ ਨੇ ਮਿਲਾਵਟ ਸਿਖ ਧਰਮ ਵਿਚ ਕਰਨੀ ਸੀ, ਤਾਂ ਸ੍ਰੀ ਦਸਮ ਗ੍ਰੰਥ ਨੂੰ ਦੇਵਨਾਗਰੀ ਵਿਚ ਲਿਖਵਾ ਕੇ ਹਿੰਦੂਆਂ ਵਿਚ ਪ੍ਰਚਾਰਨ ਦਾ ਕੀ ਲਾਭ ਹੋ ਸਕਦਾ ਸੀ ? ਹਾਂ ਪੰਡਿਤ ਰਾਧਾ ਕਿਸ਼ਨ ਦੇ ਇਸ ਪ੍ਰਯਤਨ ਦਾ ਇਕ ਵਿਸ਼ੇਸ਼ ਮਨੋਰਥ ਸੀ। ਉਹ ਦੇਵਨਾਗਰੀ ਜਾਣਨ ਵਾਲੇ ਹਿੰਦੂ ਭਾਈਆਂ ਤਕ ਇਸ ਗ੍ਰੰਥ ਦੀ ਬਾਣੀ ਪਹੁੰਚਾ ਕੇ, ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਦਵਤਾ ਦੇ ਦਰਸ਼ਨ ਕਰਵਾਉਣਾ ਚਾਹੁੰਦਾ ਸੀ। ਇਹ ਵੀ ਵਿਚਾਰਨ ਦੀ ਗਲ ਹੈ ਕਿ ਜੇ ਇਹ ਗ੍ਰੰਥ ਸਿਖ ਧਰਮ ਵਿਚ ਮਿਲਾਵਟ ਕਰਨ ਦੀ ਮਨਸਾ ਨਾਲ ਅੰਗਰੇਜ਼ਾਂ ਨੇ ਲਿਖਵਾਇਆ ਸੀ, ਤਾਂ ਉਨ੍ਹਾਂ ਇਸ ਨੂੰ ਇੰਪੀਰੀਅਲ ਐਗਜ਼ੀਬਿਸ਼ਨ ਵਾਸਤੇ ਵਿਦੇਸ਼ ਵਿਚ ਕਿਉਂ ਭੇਜ ਦਿਤਾ ? ਇਸ ਦਾ ਪ੍ਰਚਾਰ-ਪ੍ਰਸਾਰ ਕਰਨ ਵਾਸਤੇ ਇਸ ਦੇ ਧੜਾ-ਧੜ ਉਤਾਰੇ ਤਾਂ ਕਰਨੇ ਸੀ ਪੰਜਾਬ ਵਿਚ, ਦੇ ਦਿਤਾ ਇਸ ਨੂੰ ਦੇਸ਼-ਨਿਕਾਲਾ। ਜੇ ਇਹ ਧੋਖਾ ਅਤੇ ਜਾਅਲਸਾਜ਼ੀ ਸੀ, ਤਾਂ ਸਿਖਾਂ ਨਾਲ ਨਹੀਂ, ਅੰਗਰੇਜ਼ਾਂ ਦੀ ਅੰਗਰੇਜ਼ਾਂ ਨਾਲ ਜਾਅਲਸਾਜ਼ੀ ਸੀ। ਇੰਪੀਰਅਲ ਐਗਜ਼ੀਬਿਸ਼ਨ ਦੇ ਆਯੋਜਕਾਂ ਨਾਲ ਧੋਖਾ ਸੀ ਕਿ ਆਤਮਾ ਰਾਮ ਨਿਰਮਲੇ ਦੇ ਗ੍ਰੰਥ ਨੂੰ ਦਸਮ ਗੁਰਦੇਵ ਦਾ ਗ੍ਰੰਥ ਦਸ ਕੇ ਯੋਰਪ ਵਿਚ ਪ੍ਰਦਰਸ਼ਿਤ ਕੀਤਾ ਗਿਆ। ਧੋਖਾ ਤਾਂ ਕੀਤਾ ਉਨ੍ਹਾਂ ਆਪਣੇ ਹਮਵਤਨਾਂ ਅਤੇ ਸਹਿਧਰਮੀਆਂ ਨਾਲ। ਸਿਖ ਤਾਂ ਉਸ ਵਸਤੂ ਤੋਂ ਵੰਚਿਤ ਹੋ ਗਏ। ਨਿਸ਼ਚਿਤ ਹੀ ਝੂਠ ਦੀ ਹਰ ਤੰਦ ਝੂਠ ਜਿਤਨੀ ਹੀ ਕਚੀ ਹੁੰਦੀ ਹੈ। ਡਾ. ਮਾਨ ਲਿਖਦੇ ਹਨ ਕਿ ਇਸ ਬੀੜ ਦੇ ਪਤਰੇ ਬਹੁਤ ਸਜਾਏ ਗਏ ਹਨ, ਇਸ ਲਈ ਇਸ ਨੂੰ ਤਿਆਰ ਕਰਨ ਵਿਚ ਕੁਝ ਸਮਾਂ ਲਗਿਆ ਹੋਵੇਗਾ। ਜੇ ਉਨ੍ਹਾਂ ਦਾ ਕਥਨ ਹੀ ਮੰਨ ਲਈਏ ਤਾਂ ਬਹੁਤ ਸਪਸ਼ਟ ਹੈ ਕਿ ਇਹ ਬੀੜ ਸਿਖ ਰਾਜ ਦੀ ਸਮਾਪਤੀ ਦੇ ਦੋ ਮਹੀਨਿਆਂ ਵਿਚ ਅੰਗਰੇਜ਼ਾਂ ਨੇ ਨਹੀਂ ਲਿਖਵਾ ਲਈ ਹੋਵੇਗੀ, ਬਲਕਿ ਇਸ ਨੂੰ ਲਿਖਣ ਵਿਚ ਕਾਫ਼ੀ ਸਮਾਂ ਲਗਿਆ ਹੋਵੇਗਾ ਅਤੇ ਇਹ ਕਾਰਜ ਸਿਖ ਰਾਜ ਦੇ ਜਾਣ ਤੇ ਹੀ ਅੰਗਰੇਜ਼ਾਂ ਦੁਆਰਾ ਆਰੰਭ ਨਹੀਂ ਹੋਇਆ ਹੋਵੇਗਾ, ਸਗੋਂ ਬਹੁਤ ਨਿਸ਼ਠਾ ਅਤੇ ਸ਼ੁਧ ਭਾਵਨਾ ਨਾਲ ਲਿਖਾਰੀ ਨੇ ਕਾਫ਼ੀ ਸਮਾਂ ਪਹਿਲਾਂ ਆਰੰਭ ਕਰ ਕੇ ਇਸ ਕਾਰਜ ਨੂੰ ਸੰਪੂਰਨ ਕੀਤਾ ਹੋਵੇਗਾ। ਉਂਵ ਵੀ ਗੁਰਮੁਖੀ ਤੋਂ ਦੇਵਨਾਗਰੀ ਵਿਚ ਉਲਥਾਉਣ ਵਾਸਤੇ ਜ਼ਿਆਦਾ ਸਮਾਂ ਚਾਹੀਦਾ ਸੀ।

28. ਡਾ. ਮਾਨ ਨੇ ਜਿਹੜੀ ਇਹ ਥਿਉਰੀ ਘੜੀ ਹੈ ਕਿ ਅਸਲ ਵਿਚ ਅੰਗਰੇਜ਼ਾਂ ਨੇ ਦਸਮ ਗ੍ਰੰਥ 'ਆਤਮਾ ਰਾਮ' ਨਿਰਮਲੇ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਸੀ, ਇਹ ਇਤਨੀ ਆਧਾਰਹੀਣ ਅਤੇ ਨਿਰਮੂਲ ਹੈ ਕਿ ਵਿਰੋਧੀ ਧਿਰ ਦੇ ਮੱਤ ਨੂੰ ਸਹਾਰਾ ਦੇਣ ਦੀ ਬਜਾਏ, ਉਸ ਦੇ ਆਪਣੇ ਸਾਰੇ ਤਰਕਾਂ ਨੂੰ ਮਿਟੀ ਵਿਚ ਮਿਲਾ ਦੇਣ ਵਾਲੀ ਹੈ। ਸਾਡੇ ਇਸ ਵਿਚਾਰ ਦਾ ਕਾਰਨ ਬਹੁਤ ਪੁਸ਼ਟ ਹੈ। ਇਹ ਸਰਵ-ਮਾਨਯ ਤਥ ਹੈ ਕਿ ਕਿਸੇ ਨਿਰਮਲੇ ਸੰਤ ਦਾ ਨਾਮ 'ਆਤਮਾ ਰਾਮ' ਨਹੀਂ ਹੋ ਸਕਦਾ। ਇਹ ਬਿਲਕੁਲ ਹੀ ਸੰਭਵ ਨਹੀਂ, ਕਿਉਂਕਿ ਨਿਰਮਲ ਪੰਥ ਆਪਣਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਮੰਨਦਾ ਹੈ। ਇਸ ਲਈ ਨਿਰਮਲੇ ਸੰਤ ਆਪਣੇ ਨਾਮ ਨਾਲ ਕੇਵਲ 'ਸਿੰਘ' ਜਾਂ 'ਹਰੀ' ਪਦ ਹੀ ਵਰਤਦੇ ਹਨ। ਮਾਨ ਸਾਹਿਬ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਸ਼ਾਇਦ ਹੀ ਪਤਾ ਹੋਵੇ ਕਿ 'ਹਰੀ' ਦਾ ਅਰਥ ਵੀ ਸਿੰਘ ਹੀ ਹੈ ਅਤੇ 'ਹਰੀ' ਪਦ ਲਗਾਉਣ ਤੋਂ ਉਨ੍ਹਾਂ ਦਾ ਵਿਸ਼ੇਸ਼ ਭਾਵ ਸੀ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਖ ਨਾਵਾਂ ਨਾਲ ਜੋੜੇ ਪਦ ਦਾ ਕਿਸੇ ਵੀ ਸੂਰਤ ਵਿਚ ਤਿਆਗ ਨਹੀਂ ਸੀ ਕਰਦੇ, ਪਰ ਕਦੇ-ਕਦੇ ਇਸ ਪਦ ਦੀ ਅਸਿਧੀ ਵਰਤੋਂ ਕਰ ਕੇ ਉਹ ਗੁਰਬਾਣੀ ਦੇ ਪ੍ਰਸਾਰ ਵਾਸਤੇ ਅਨਮਤੀਆਂ ਵਿਚ ਸੁਵਿਧਾ ਸਹਿਤ ਵਿਚਰਨ ਨੂੰ ਵੀ ਸੁਨਿਸ਼ਚਿਤ ਕਰ ਲੈਂਦੇ ਸਨ। ਸੋ ਮੇਰੀ ਮਾਨਤਾ ਹੈ ਕਿ ਡਾ. ਮਾਨ ਦੁਆਰਾ ਅਗਿਆਨ ਵਿਚ ਸਿਰਜੀ ਇਹ ਥਿਉਰੀ ਸਵੈ-ਘਾਤੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਹ ਪਦ ਉਨ੍ਹਾਂ ਲਈ ਬਹੁਤ ਢੁਕਵਾਂ ਹੈ-

ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥
ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥

ਡਾ. ਮਾਨ ਨੇ ਭਾਈ ਗੁਰਦਾਸ ਦੂਜੇ ਨੂੰ ਮੈਲਕਮ ਦੁਆਰਾ ਭਾਈ ਗੁਰਦਾਸ ਭਲਾ ਲਿਖਣ ਦਾ ਮੁਦਾ ਫਿਰ ਉਠਾਇਆ ਹੈ। ਮੈਂ ਇਸ ਸੰਬੰਧੀ ਆਪਣੇ ਵਿਚਾਰ ਪਹਿਲਾਂ ਹੀ ਲਿਖ ਚੁਕਾ ਹਾਂ। ਹੋਰ ਵਿਸਤਾਰ ਦੀ ਇਸ ਕਾਰਨ ਜ਼ਰੂਰਤ ਨਹੀਂ, ਕਿਉਂ ਜੁ ਡਾ. ਮਾਨ ਨੇ ਕੋਈ ਨਵੀਂ ਗਲ ਨਹੀਂ ਲਿਖੀ।

29. ਡਾ. ਮਾਨ ਨੇ ਮੇਰੇ ਗਿਆਨ ਵਿਚ ਵਾਧਾ ਕਰਨ ਵਾਸਤੇ ਮੈਨੂੰ ਇਹ 'ਸਬੁਧਿ-ਵਾਚ' ਸੁਣਇਆ ਹੈ ਕਿ 1781 ਈ. ਵਿਚ ਚਾਰਲਸ ਵਿਲਕਿਨ ਦੇ ਬ੍ਰਿਤਾਂਤ ਮਗਰੋਂ ਅੰਗਰੇਜ਼ਾਂ ਨੇ ਸਿਖ ਗ੍ਰੰਥਾਂ ਨਾਲ ਛੇੜ-ਛਾੜ ਸ਼ੁਰੂ ਕੀਤੀ। ਮੈਂ ਆਪਣੇ ਪ੍ਰਬੁਧ ਮਿਤਰ ਨੂੰ ਪਹਿਲੀ ਬੇਨਤੀ ਕਰਾਂ ਕਿ ਉਹ ਆਪਣੀ ਅਗਿਆਨਤਾ ਕਾਰਨ 'ਚਾਰਲਸ ਵਿਲਕਿਨਸ' ਨੂੰ ਵਾਰ-ਵਾਰ 'ਚਾਰਲਸ ਵਿਲਕਿਨ' ਲਿਖ ਕੇ ਉਸ ਵਿਦਵਤ-ਪੁਰਸ਼ ਦਾ ਨਾਮ ਬਦਲਣ ਦਾ ਅਯੋਗ ਕੰਮ ਨਾ ਕਰਨ। ਜੇ ਸਾਨੂੰ ਕਿਸੇ ਦਾ ਠੀਕ ਨਾਮ ਹੀ ਨਹੀਂ ਪਤਾ, ਤਾਂ ਉਸ ਨੂੰ ਅਸੀਂ ਕਿਤਨੀ ਗੰਭੀਰਤਾ ਸਹਿਤ ਪੜ੍ਹਿਆ ਹੋਵੇਗਾ, ਇਸ ਸੰਬੰਧੀ ਕੁਝ ਕਹਿਣ ਦੀ ਜ਼ਰੂਰਤ ਨਹੀਂ। ਸੰਸਕ੍ਰਿਤ ਭਾਸ਼ਾ ਅਤੇ ਹਿੰਦੂ ਫ਼ਲਸਫੇ ਦੇ ਗੰਭੀਰ ਗਿਆਤਾ ਚਾਰਲਸ ਵਿਲਕਿਨਸ ਨੇ ਆਪਣੀ ਪਟਨਾ ਸਾਹਿਬ ਯਾਤਰਾ ਦਾ ਵੇਰਵਾ 'The Seeks (Sikhs) And Their College' ਨਾਮੀ ਆਪਣੇ ਸੰਖਿਪਿਤ ਉਲੇਖ ਵਿਚ ਦਿਤਾ ਹੈ। ਉਹ 1781 ਈ. ਵਿਚ ਪਟਨਾ ਸਾਹਿਬ ਦੇ ਗੁਰਦੁਆਰਾ ਸ੍ਰੀ ਜਨਮ ਸਥਾਨ ਵਿਖੇ ਆਇਆ ਸੀ। ਉਹ ਲਿਖਦਾ ਹੈ "ਸਿਖਾਂ ਨੇ ਮੈਨੂੰ ਦਸਿਆ ਕਿ ਗੁਰੂ ਨਾਨਕ ਦੀ ਧਰਮ ਪੁਸਤਕ ਤੋਂ ਕੁਝ ਸਾਲ ਬਾਅਦ ਇਕ ਹੋਰ ਬਹੁਤ ਸਤਿਕਾਰਯੋਗ ਪੁਸਤਕ ਪ੍ਰਗਟ ਹੋਈ। ਇਸ ਦੇ ਕਰਤਾ ਦਾ ਨਾਮ ਮੈਂ ਭੁਲ ਗਿਆ ਹਾਂ, ਪਰ ਸਿਖਾਂ ਨੇ ਉਸ ਗ੍ਰੰਥ ਵਿਚੋਂ ਮੈਨੂੰ ਪ੍ਰਭੂ-ਉਸਤਤਿ ਦੀ ਇਕ ਪੰਕਤੀ ਹੂਬਹੂ ਪੜ੍ਹ ਕੇ ਸੁਣਾਈ ਸੀ। ਜਦੋਂ ਮੈਂ (ਇਸ ਕਾਲਜ ਦੇ) ਹਾਲ ਵਿਚ ਪ੍ਰਵੇਸ਼ ਹੀ ਕੀਤਾ ਸੀ, ਤਾਂ ਅਜਿਹੀ ਪੰਕਤੀ ਮੈਂ ਵਿਦਿਆਰਥੀਆਂ (ਰਾਗੀ ਸਿੰਘਾਂ) ਕੋਲੋਂ ਸੁਣੀ ਵੀ ਸੀ, ਜੋ ਉਥੇ ਪੜ੍ਹ ਰਹੇ ਸਨ। ਇਸ ਦੀ ਭਾਸ਼ਾ ਹਿੰਦਵੀ ਹੋਣ ਕਰ ਕੇ ਅਤੇ ਸੰਸਕ੍ਰਿਤ ਦੀ ਸ਼ਬਦਾਵਲੀ ਮਿਸ਼੍ਰਿਤ ਹੋਣ ਕਾਰਨ ਮੈਂ ਇਸ (ਬਾਣੀ) ਨੂੰ ਕਾਫ਼ੀ ਕੁਝ ਸਮਝ ਸਕਦਾ ਸੀ।" ਉਹ ਹੋਰ ਲਿਖਦਾ ਹੈ- They told me I might have copies of both their books, if I would be at the expence of transcribing them. (The Sikhs and their College at Patna

in 1781-Punjab Past and Present Vol. I, PartI-II, pages. 108-09) ਵਿਲਕਿਨਸ ਨੇ ਕੁਝ ਵੀ ਅਜਿਹਾ ਨਹੀਂ ਲਿਖਿਆ, ਜੋ ਕਿਸੇ ਵੀ ਤਰ੍ਹਾਂ ਇਤਰਾਜ਼ਯੋਗ ਹੋਵੇ। ਡਾ. ਮਾਨ ਵਿਲਕਿਨਸ ਨੂੰ ਇਸ ਕਾਰਨ ਮੰਦ-ਭਾਵਨਾ ਨਾਲ ਵੇਖਦਾ ਹੈ, ਕਿਉਂਕਿ ਉਸ ਦੀ ਲਿਖਿਤ ਤੋਂ ਸ੍ਰੀ ਦਸਮ ਗ੍ਰੰਥ ਦੀ ਹੋਂਦ ਸਿਧ ਹੋ ਜਾਂਦੀ ਹੈ ਅਤੇ ਮਾਨ ਸਾਹਿਬ ਦਾ ਸਿਰਜਿਆ ਝੂਠ ਦਾ ਇਹ ਕਿਲ੍ਹਾ ਢਹਿ-ਢੇਰੀ ਹੋ ਜਾਂਦਾ ਹੈ, ਕਿ ਅਠਾਰਵੀਂ ਸਦੀ ਦੇ ਅੰਤ ਤਕ ਸ੍ਰੀ ਦਸਮ ਗ੍ਰੰਥ ਹੋਂਦ ਵਿਚ ਨਹੀਂ ਆਇਆ ਸੀ। ਨਾ ਵਿਲਕਿਨਸ ਨੇ ਕੁਝ ਗੁਰੂ ਗ੍ਰੰਥ ਸਾਹਿਬ ਬਾਬਤ ਲਿਖਿਆ ਹੈ, ਨਾ ਹੀ ਦਸਮ ਗ੍ਰੰਥ ਬਾਰੇ। ਕੇਵਲ ਇਨ੍ਹਾਂ ਦੋਹਾਂ ਗ੍ਰੰਥਾਂ ਪ੍ਰਤੀ ਪੰਥ ਦੇ ਅਟੁਟ ਵਿਸ਼ਵਾਸ ਦਾ ਜ਼ਿਕਰ ਕੀਤਾ ਹੈ। ਡਾ. ਗੰਡਾ ਸਿੰਘ ਅਨੁਸਾਰ ਵਿਲਕਿਨਸ ਪਹਿਲਾ ਯੋਰਪੀਅਨ ਵਿਅਕਤੀ ਹੈ, ਜਿਸ ਦੀਆਂ ਸਿਖ ਸੰਸਥਾਵਾਂ ਪ੍ਰਤੀ ਕੁਝ ਟਿਪਣੀਆਂ ਵਿਦਿਤ ਹਨ। ਅਸੀਂ ਇਥੇ ਇਹ ਕਹਿਣਾ ਚਾਹਾਂਗੇ ਕਿ ਇਸ ਤੋਂ ਬਾਅਦ ਮੈਕਾਲਿਫ ਤਕ ਲਗਪਗ ਹਰ ਅੰਗਰੇਜ਼ ਲਿਖਾਰੀ ਨੇ ਭਾਵੇਂ ਉਹ 'A Tour to Lahore (In 1808)' ਦਾ ਅਗਿਆਤ ਲਿਖਾਰੀ ਹੋਵੇ ਜਾਂ ਮੈਲਕਮ, ਮੈਕਗ੍ਰੇਗਗ, ਕੈਪਟਨ ਮੱਰੇ, ਕਨਿੰਘਮ ਆਦਿ ਹੋਣ, ਸਭ ਨੇ ਸ੍ਰੀ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਸਵੀਕਾਰ ਕੀਤਾ ਹੈ। ਕੈਪਟਨ ਮੱਰੇ 'ਹਿਸਟਰੀ ਆਫ ਦ ਪੰਜਾਬ' ਵਿਚ ਲਿਖਦਾ ਹੈ-

"Guru Govind propagated and enforced his tenets by preaching, by acts, and by writing. The 'Dasama Padshah ka Granth' or 'Book of the Tenth King',- Guru Govind being the tenth leader from Nanuck,- is his work, which is not limited to religious subjects, but includes narratives, written in a glowing and even hyperbolical style, of his battles composed with a view of infusing a spirit of valour and emulation into his followers. It is as much revered as the Adi-Granth. (page 102)..... The Dasama Padshah ka Granth, written by Guru Govind, is considered as holy as th Adi-Granth. The work, which is elegantly written in the Punjabi dialect, contains an account of the author's mission "to establish virtue, exalt piety, and exterminate the wicked". (page 119)... but their (Udasi's) office consists chiefly in reading and expounding the writings of Nanuck and Govind Singh, as collected in the Adi Granth and Das Padshah ki Granth. (p.121)"

ਮੈਕਾਲਿਫ ਲਿਖਦਾ ਹੈ-

"The Granth which passes under the name of Guru Gobind Singh, contains his Japji, The akal Ustat or praise of the Creator , the Vachitra Natak or Wonderful Drama, in which the Guru gives an account of his parnetage, his divine mission, and the battles in whichhe had been engaged,. Then come three abridged translations of the Devi Mahatamya, an episode in the Markandeya Puran . in praise of Durga, the goddess of war. Then follow the Gyan Prabodh, or awakening of knowledge ; accounts of twenty-four incarnations of Deity, selected because of their warlike character; the Hazare de Shabd ; quatrains called sawaiyas, which are religious Hymns in praise of God and reprobation of idolatory and hypocrisy ; the Shastra Nam Mala, a list of offensive and defensive weapons, used in the Guru's time, with special reference to the attributes of the Creator ; the Tria Charitar, or tales illustrating the qualities, but principally the deceit of women ; the Zafarnama, containing the tenth Guru's epstle to Aurangzeb ; and several metrical tales in the Persian language. This Granth was compiled by Bhai Mani Singh after the TenthGuru's death.(The Sikh Religion p.lii Introduction).

29. ਡਾ. ਕੁਲਵਿੰਦਰ ਸਿੰਘ 'ਬਾਜਵਾ' ਦੁਆਰਾ ਸੰਪਾਦਿਤ 'ਮਹਿਮਾ ਪ੍ਰਕਾਸ਼ ਵਾਰਤਕ' ਦੀ ਡਾ. ਮਾਨ ਭਰਪੂਰ ਉਸਤਤਿ ਕਰਦੇ ਹਨ ਅਤੇ ਇਸ ਪੁਸਤਕ ਨੂੰ ਇਕ ਭਰੋਸੇਮੰਦ ਇਤਿਹਾਸਿਕ ਪੁਸਤਕ ਮੰਨ ਕੇ ਇਸ ਦੀ ਗਵਾਹੀ ਨੂੰ ਪ੍ਰਮਾਣਿਕ ਦਸਦੇ ਹਨ। ਉਨ੍ਹਾਂ ਦੀ ਮਾਨਤਾ ਹੈ ਕਿ ਇਸ ਪੁਸਤਕ ਵਿਚ ਸ੍ਰੀ ਦਸਮ ਗ੍ਰੰਥ ਦੀ ਸੰਪਾਦਨਾ ਦਾ ਕੋਈ ਉਲੇਖ ਨਹੀਂ, ਇਸ ਲਈ ਇਹ ਸ੍ਰੀ ਗੁਰੂ ਜੀ ਦੁਆਰਾ ਰਚਿਤ ਨਹੀਂ ਹੋ ਸਕਦਾ। ਡਾ. ਮਾਨ ਲਿਖਦੇ ਹਨ-

"Dr. Kulwinder Singh Bajwa who has Edited "Mehma Parkash Vartak" published By Singh Brothers, Amritsar, 2003 echoes the opinion of Anil Chander Bannerji about Brahminisation of Sikhism in 18th century Literature as noted in his introduction. Mehma Parkash-Vartik (1741AD-Ganda Singh) 120 sakhis in this account mentions about Zafarnama composition only without mention of any added Hikayats into it. There is also Mention of Quartet ਸ੍ਵੈਯਾ (SWAYYA) ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ। ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਯੋ। No mention of any Avtar Lila Granth, Samund Sagar Granth Granth, Vidya Sagar Granth, Bachitar Natak Granth or Dasvin Patshahi Da Granth. (ਅਰਥਾਤ ਸਿੰਘ ਬ੍ਰਦਰਜ਼ ਅਮ੍ਰਿਤਸਰ ਦੁਆਰਾ 2003 ਵਿਚ ਪ੍ਰਕਾਸ਼ਿਤ 'ਮਹਿਮਾ ਪ੍ਰਕਾਸ਼' (ਵਾਰਤਕ) ਦਾ ਸੰਪਾਦਕ ਡਾ. ਕੁਲਵਿੰਦਰ ਸਿੰਘ ਬਾਜਵਾ ਵੀ ਇਸ ਪੁਸਤਕ ਦੀ ਭੂਮਿਕਾ ਵਿਚ ਅਨਿਲ ਚੰਦ੍ਰ ਬੈਨਰਜੀ ਦਾ ਇਹ ਵਿਚਾਰ ਉਜਾਗਰ ਕਰਦਾ ਹੈ ਕਿ 18ਵੀਂ ਸਦੀ ਦੇ ਸਿਖ ਸਾਹਿਤ ਦਾ ਬ੍ਰਾਹਮਣੀਕਰਣ ਹੋਇਆ ਹੈ। 120 ਸਾਖੀਆਂ ਦੇ ਗ੍ਰੰਥ ਮਹਿਮਾ ਪ੍ਰਕਾਸ਼ ਵਾਰਤਕ (1741 ਈ.-ਗੰਡਾ ਸਿੰਘ) ਵਿਚ ਕੇਵਲ ਜ਼ਫ਼ਰਨਾਮੇ ਦਾ ਜ਼ਿਕਰ ਹੈ, ਉਹ ਵੀ ਹਿਕਾਇਤਾਂ ਦਾ ਜ਼ਿਕਰ ਕਿਤੇ ਨਹੀਂ ਆਇਆ।

ਇਸ ਵਿਚ 'ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ। ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਯੋ।' ਸਵਈਆ ਵੀ ਅੰਕਿਤ ਹੈ, ਪਰ ਅਵਤਾਰ ਲੀਲਾ ਗ੍ਰੰਥ, ਸਮੁੰਦ ਸਾਗਰ ਗ੍ਰੰਥ, ਵਿਦਿਆ ਸਾਗਰ ਗ੍ਰੰਥ, ਬਚਿਤ੍ਰ ਨਾਟਕ ਗ੍ਰੰਥ ਜਾਂ ਦਸਵੀਂ ਪਾਦਸ਼ਾਹੀ ਦਾ ਗ੍ਰੰਥ ਕਿਤੇ ਨਹੀਂ ਲਿਖਿਆ ਮਿਲਦਾ।"

ਡਾ. ਮਾਨ ਬਾਜਵਾ ਜੀ ਦੁਆਰਾ ਸੰਪਾਦਿਤ ਇਸ ਪੁਸਤਕ ਨੂੰ ਪੜ੍ਹਨ ਦੀ ਭਰਪੂਰ ਪ੍ਰੇਰਨਾ ਕਰਦੇ ਹਨ ਅਤੇ ਬਾਜਵਾ ਜੀ ਦੇ ਦਸਮ ਗ੍ਰੰਥ ਸੰਬੰਧੀ ਵਿਚਾਰਾਂ ਨੂੰ ਵਡੀ ਇਤਿਹਾਸਿਕ ਖੋਜ ਮੰਨਦੇ ਹਨ। ਬਾਜਵਾ ਜੀ ਮੇਰੇ ਪਰਮ ਸਨੇਹੀ ਹਨ। ਮੈਂ ਉਨ੍ਹਾਂ ਨਾਲ ਸ੍ਰੀ ਦਸਮ ਗ੍ਰੰਥ ਸੰਬੰਧੀ ਕਈ ਵਾਰ ਗਲਬਾਤ ਕਰਨ ਦਾ ਯਤਨ ਕੀਤਾ ਹੈ, ਪਰ ਉਹ ਇਹ ਕਹਿ ਕੇ ਟਾਲ ਜਾਂਦੇ ਹਨ ਕਿ ਉਨ੍ਹਾਂ ਨੇ ਇਸ ਗ੍ਰੰਥ ਦਾ ਗਹਿਨ ਅਧਿਐਨ ਨਹੀਂ ਕੀਤਾ। ਇਹ ਵੀ ਹੋ ਸਕਦਾ ਹੈ ਕਿ ਸ਼ਾਇਦ ਉਹ ਅਜਿਹੀ ਵਿਵਾਦ-ਗ੍ਰਸਤ ਚਰਚਾ ਤੋਂ ਬਚਣਾ ਚਾਹੁੰਦੇ ਹੋਣ, ਜੋ ਮਿਤ੍ਰਤਾ ਵਿਚ ਬੇਲੋੜੀ ਕੁੜਤਣ ਦਾ ਕਾਰਨ ਬਣ ਸਕਦੀ ਹੈ। ਮੈਂ ਉਨ੍ਹਾਂ ਦੇ ਸਨੇਹ ਦਾ ਰਿਣੀ ਹਾਂ। ਜਿਥੋਂ ਤਕ 'ਮਹਿਮਾ ਪ੍ਰਕਾਸ਼'(ਵਾਰਤਕ) ਦੇ ਭਰੋਸੇਮੰਦ ਇਤਿਹਾਸਿਕ ਸ੍ਰੋਤ ਹੋਣ ਦਾ ਸਵਾਲ ਹੈ, ਤਾਂ ਮੈਂ ਬਹੁਤ ਸਪਸ਼ਟ ਹਾਂ ਕਿ ਇਹ ਪੁਸਤਕ ਕੇਸਰ ਸਿੰਘ ਛਿਬਰ ਕ੍ਰਿਤ ਬੰਸਾਵਲੀਨਾਮਾ' ਨਾਲੋਂ ਕਿਤੇ ਵਧੀਕ ਬ੍ਰਾਹਣਮਣਵਾਦੀ ਅਤੇ ਗੈਰ-ਇਤਿਹਾਸਿਕ ਗੱਪਾਂ ਦਾ ਸੰਗ੍ਰਹਿ ਹੈ। ਇਸ ਵਿਚੋਂ ਕੁਝ ਅੰਸ਼ ਪਾਠਕਾਂ ਦੀ ਜਾਣਕਾਰੀ ਵਾਸਤੇ ਪ੍ਰਸਤੁਤ ਹਨ, ਤਾਂ ਕਿ ਮਾਨ ਸਾਹਿਬ ਦੇ ਵਿਦਿਤ ਹੋਣ ਨੂੰ ਪਾਠਕ ਭਲੀ-ਭਾਂਤ ਜਾਣ ਸਕਣ। ਇਹ ਅੰਸ਼ ਅਸਾਂ ਜਨਵਰੀ 2004 ਵਿਚ ਪ੍ਰਕਾਸ਼ਿਤ ਪਹਿਲੀ ਐਡੀਸ਼ਨ ਵਿਚੋਂ ਲਏ ਹਨ-

1. ਇਸ ਦੀ ਦੂਜੀ ਸਾਖੀ ਵਿਚ ਲਿਖਿਆ ਹੈ- ਏਕ ਬਾਰ ਮਾਤਾ ਤ੍ਰਿਪਤੋ ਜੀ ਬਾਬੇ ਜੀ ਨੌ ਲੈ ਕਰ ਅੰਗਣ ਦੇ ਵਿਚ ਸੁਤੀ ਥੀ। ਜੋ ਗੋਰਖ ਨਾਥ ਜੀ ਆਏ। ਆਣ ਕੈ ਸਬਦ ਕੀਆ। ਅਲਖ ਜਾਗੈ ਤਬ ਸਬ ਸੋਏ ਥੇ। ਬਾਬੇ ਜੀ ਨੇ ਗੋਦੀ ਸੇ ਜਬਾਬ ਦਿਤੋਨੁ, ਸੋਵੈ ਨਾ ਜਾਗੈ। ਤਬ ਗੋਰਖ ਜੀ ਬਹੁਤ ਪ੍ਰਸੰਨ ਹੋਇ। ਪਰਨਾਮ ਕੀਤਾ ਅਰ ਮੁਖ ਤੇ ਕਹਿਆ- ਹਉ ਵਾਰਿਆ ਹਉ ਵਾਰਿਆ। ਤਬ ਬਾਬੇ ਜੀ ਆਖਿਆ- ਵਾਰਿ ਨ ਜਾਵਾ ਏਕ ਵਾਰ।
2. ਚੌਵੀਵੀਂ ਸਾਖੀ ਵਿਚ 'ਬਾਬੂ ਰਾਵਲਾ ਗਲੀ ਜੋਗ ਨਾ ਹੋਈ' ਨੂੰ ਗੁਰੂ ਨਾਨਕ ਬਾਣੀ ਦਸਿਆ ਹੈ।
3. ਪੁਸਤਕ ਦੇ ਪੰਨਾ 59 ਉਤੇ ਲਿਖਿਆ ਹੈ- 1532 ਈ. ਦੇ ਆਸ-ਪਾਸ ਕਰਤਾਰਪੁਰ ਰਹਿੰਦਿਆਂ ਮਾਤਾ ਤ੍ਰਿਪਤਾ ਨੇ ਅੰਗਦ ਜੀ ਨੂੰ ਕਿਹਾ ਕਿ ਤੂੰ ਬਾਬਾ ਜੀ ਨੂੰ ਕਹਿ ਕੇ ਤੇਰਾ ਆਖਿਆ ਨਹੀਂ ਮੋੜਦੇ। ਐਸਾ ਯਤਨ ਕਰ ਜੇ ਬਾਬਾ ਜੀ ਦੇ ਘਰ ਪੁਤਰ ਹੋਵੇ (ਪਾਠਕ ਜਾਣਦੇ ਹਨ ਕਿ ਗੁਰੂ ਜੀ ਦੇ ਵਡੇ ਸੁਪੁਤਰ ਬਾਬਾ ਸ੍ਰੀ ਚੰਦ ਦਾ ਜਨਮ 1494 ਈ. ਵਿਚ ਹੋਇਆ ਸੀ ਅਤੇ ਬਾਬਾ ਲਖਮੀ ਚੰਦ ਜੀ 1497 ਈ. ਵਿਚ ਜਨਮੇ ਸਨ)। ਮੇਰੀਆਂ ਅਖਾਂ ਪੋਤ੍ਰਾ ਦੇਖਣ ਵਾਸਤੇ ਤਰਸਦੀਆਂ ਹਨ....ਗੁਰੂ ਅੰਗਦ ਦੀ ਅਰਦਾਸ ਕਾਰਨ ਪਹਿਲਾਂ ਲਖਮੀ, ਮਗਰੋਂ ਸ੍ਰੀ ਚੰਦ ਨੇ ਜਨਮ ਧਾਰਿਆ।
4. ਪੁਸਤਕ ਵਿਚ ਲਿਖਿਆ ਹੈ ਕਿ ਭਗਤ ਬਾਣੀ ਲਿਖਵਾਉਣ ਵਾਸਤੇ ਭਗਤ ਆਪ ਪ੍ਰਗਟ ਹੋਏ ਸਨ।
5. ਪੁਸਤਕ ਕਹਿੰਦੀ ਹੈ ਕਿ ਸ੍ਰੀ ਗੁਰੂ ਜੀ ਨੇ ਫ਼ਰਮਾਣ ਕੀਤਾ ਕਿ ਖਾਲਸੇ ਵਿਚ ਲੁਟ ਭੀ ਹੋਵੈਗੀ ਅਤੇ ਸਿਖੀ ਭੀ ਹੋਵੈਗੀ.... ਸਸਤ੍ਰ ਕੀ ਪੂਜਾ ਕਰੈ... (ਪੰਨਾ 186)
6. ਪੁਸਤਕ ਵਿਚ ਲਿਖਿਆ ਹੈ ਕਿ ਗੁਰੂ ਜੀ ਕਿਹਾ ਨਾਦੇੜ ਦੇਵਤਿਆਂ ਦੇ ਘਰ ਸਨ, ਇਹ ਪੁਨੀਤ ਧਰਤੀ ਹੈ, ਇਥੇ ਸਰੀਰ ਛਡਣਾ ਹੈ। ਹੋਰ ਲਿਖਿਆ ਹੈ ਕਿ ਨਗੀਨਾ ਘਾਟ ਪਹਿਲੀ ਸ਼ਿਵਪੁਰੀ ਹੈ, ਬੰਦਾ ਘਾਟ ਬ੍ਰਹਮ ਪੁਰੀ ਹੈ, ਮਾਲ ਟੇਕੜੀ ਕੁਬੇਰਪੁਰੀ ਹੈ, ਹੀਰਾ ਘਾਟ ਵਿਸ਼ਨੂਪੁਰੀ ਹੈ, ਸ਼ਿਕਾਰ ਘਾਟ ਇੰਦ੍ਰਪੁਰੀ ਹੈ, ਗੋਬਿੰਦਘਾਟ ਦਿਗਪਾਲਪੁਰੀ ਹੈ।
7. ਪੰਜ ਪਿਆਰਿਆਂ ਬਾਰੇ ਲਿਖਆ ਹੈ ਕਿ ਦਇਆ ਸਿੰਘ ਲਊ ਦਾ, ਮੁਹਕਮ ਸਿੰਘ ਨਾਮ ਦੇਵ ਦਾ, ਸਾਹਿਬ ਸਿੰਘ ਭਗਤ ਸੈਣ ਦਾ, ਧਰਮ ਸਿੰਘ ਭਗਤ ਧੰਨਾ ਜਟ ਦਾ ਅਤੇ ਹਿੰਮਤ ਸਿੰਘ ਫੰਦਕ ਦਾ ਅਵਤਾਰ ਸਨ।
8. ਪੁਸਤਕ ਵਿਚ ਅੰਕਿਤ ਦਸਮ ਪਾਤਸ਼ਾਹ ਦੀਆਂ ਸਾਖੀਆਂ ਸੇਵਾਦਾਸ ਦੀਆਂ ਪਰਚੀਆਂ ਦੀ ਨਕਲ ਹਨ।
9. ਪੁਸਤਕ ਵਿਚ ਸੰਵਤ ਨਹੀਂ ਮਿਲਦੇ, ਪਰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1669 ਈ. (ਸੰਮਤ 1726) ਦਾ ਦਸਿਆ ਹੈ।
10. 'ਪਾਂਇ ਗਹਿ ਜਬ ਤੇ ਤੁਮਰੇ' ਸ਼ਬਦ ਪੂਰਾ ਦਿਤਾ ਹੈ। ਨਾਲ ਇਹ ਵੀ ਕਿਹਾ ਹੈ ਇਹ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਵਾਸ ਛਡਣ ਸਮੇਂ ਉਚਾਰਿਆ।

ਇਹ ਮੂੰਹ-ਬੋਲਦੇ ਤਥ ਇਸ ਪੁਸਤਕ ਦੀ ਸਹੀ ਤਸਵੀਰ ਪ੍ਰਸਤੁਤ ਕਰਨ ਵਾਸਤੇ ਕਾਫ਼ੀ ਹਨ। ਪੁਸਤਕ ਨੂੰ ਪੜ੍ਹ ਕੇ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਕੇਸਰ ਸਿੰਘ ਕ੍ਰਿਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਸਾਹਮਣੇ ਇਹ ਕ੍ਰਿਤੀ ਬਹੁਤ ਹੀਣੀ ਹੈ। ਸੋ ਇਹ ਡਾ. ਮਾਨ ਸਿੰਘ ਵਾਸਤੇ ਭਰੋਸੇਯੋਗ ਸ੍ਰੋਤ ਹੋ ਸਕਦੀ ਹੈ, ਵਿਦਿਤ ਲੋਕਾਂ ਵਾਸਤੇ ਨਹੀਂ ।

30. ਡਾ. ਮਾਨ ਦੀ ਪਿਛਲੀ ਲਿਖਿਤ ਦੀ ਕਚਿਆਈ ਸੰਬੰਧੀ ਮੈਂ ਇਸ ਤੋਂ ਪਹਿਲਾਂ ਲਿਖੇ ਲੇਖ ਵਿਚ ਲਿਖਿਆ ਸੀ "ਡਾ. ਮਾਨ ਦੇ ਕੰਮ ਦੀ ਕਚਿਆਈ ਵੇਖੋ ? ਉਹ 1814 ਈ. ਦੇ ਕਿਸੇ ਮਿਸ਼ਨਰੀ ਵਲੋਂ ਲਿਖੇ ਲੇਖ ਦਾ ਉਲੇਖ ਕਰ ਕੇ ਅੰਗਰੇਜ਼ਾਂ ਦੀ ਮਿਸ਼ਨਰੀ ਨੀਤੀ ਦਰਸਾਉਂਦੇ ਹਨ। ਇਹ ਲੇਖ ਨਾ ਵਿਲਕਿਨਸ ਨੇ ਲਿਖਿਆ ਹੈ, ਨਾ ਹੀ ਮੈਲਕਮ ਨੇ। ਨਾ ਇਸ ਵਿਚ ਕਿਤੇ 'ਦਸਮ ਗ੍ਰੰਥ' ਦਾ ਉਲੇਖ ਹੈ। ਜੋ ਗ੍ਰੰਥ 1783 ਈ. ਵਿਚ ਕੋਲਬ੍ਰਕ ਪ੍ਰਾਪਤ ਕਰ ਚੁਕਿਆ ਸੀ, ਉਸ ਦੀ ਪ੍ਰਮਾਣਿਕਤਾ ਨੂੰ ਸੰਦਿਗਧ ਕਰਨ ਵਾਸਤੇ ਉਸ ਤੋਂ ਪਹਿਲਾਂ ਦੀਆਂ ਅੰਗਰੇਜ਼ੀ ਚਾਲਾਂ ਦੇ ਪ੍ਰਮਾਣ ਦੇਣੇ ਚਾਹੀਦੇ ਹਨ, ਨਾ ਕਿ ਮਗਰੋਂ ਦੇ। ਇਸ ਲੇਖਕ ਦੀਆਂ ਜੋ ਪੰਕਤੀਆਂ ਡਾ. ਮਾਨ ਨੇ ਦਿਤੀਆਂ ਹਨ, ਉਨ੍ਹਾਂ ਵਿਚੋਂ ਉਸ ਮਿਸ਼ਨਰੀ ਦੀ ਜਾਂ ਅੰਗਰੇਜ਼ਾਂ ਦੀ ਸਿਖ ਕੌਮ ਪ੍ਰਤੀ ਦੁਰਭਾਵਨਾ ਕਿਤੋਂ ਨਹੀਂ ਝਲਕਦੀ। ਡਾ. ਮਾਨ ਦੁਆਰਾ ਉਦਾਹਰਣ ਵਜੋਂ ਦਿਤੀਆਂ ਪੰਕਤੀਆਂ ਕਹਿੰਦੀਆਂ ਹਨ "It is devoutly to be desired, that nothing may be done on the part of Christians to introduce their religion among the nations of India, which shall tend to impress a belief

that Christianity is less tolerant, mild and pacific, or in any respect less worthy of reception than the religion of Nanac. Besides, the account we have of the principle doctrines of the Seeks, should excite our gratitude to the common Father of our race, that he has, in one way or another, diffused some correct ideas of himself, more extensively, than has been generally known or supposed by Christians." ਅਰਥਾਤ "ਇਹ ਬਹੁਤ ਵਚਨਬਧਤਾ ਸਹਿਤ ਚਾਹੀਦਾ ਹੈ ਕਿ ਈਸਾਈ ਆਪਣੇ ਧਰਮ ਨੂੰ ਭਾਰਤ ਦੇਸ਼ ਦੀਆਂ (ਸਿਖਾਂ ਵਰਗੀਆਂ) ਕੌਮਾਂ ਵਿਚ ਆਪਣੇ ਧਰਮ ਦਾ ਪ੍ਰਸਾਰ ਕਰਨ ਵਾਸਤੇ ਕੁਝ ਵੀ ਅਜਿਹਾ ਨਹੀਂ ਕਰਨ, ਜਿਸ ਤੋਂ ਅਜਿਹਾ ਵਿਸ਼ਵਾਸ ਬਣਨ ਦੀ ਸੰਭਾਵਨਾ ਹੋਵੇ ਕਿ ਈਸਾਈ ਧਰਮ (ਸਿਖ ਧਰਮ ਤੋਂ) ਸਹਿਨਸ਼ੀਲਤਾ, ਵਿਸ਼ਾਲ-ਦਿਲੀ ਅਤੇ ਸਦਭਾਵਨਾ ਵਿਚ ਘਟ ਹੈ, ਜਾਂ ਕਿਸੇ ਵੀ ਤਰੀਕੇ ਨਾਲ (ਗੁਰੂ) ਨਾਨਕ ਦੇ ਧਰਮ ਨਾਲੋਂ ਘਟ ਧਾਰਨ ਕਰਨ ਯੋਗ ਹੈ। ਨਾਲ ਹੀ, ਸਿਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੀ ਜੋ ਜਾਣਕਾਰੀ ਸਾਡੇ ਪਾਸ ਹੈ, (ਉਸ ਤੋਂ) ਸਾਡੀ ਕੌਮ ਦੇ ਸਾਂਝੇ ਪਿਤਾ ਪ੍ਰਤੀ ਸਾਡੀ ਸ਼ੁਕਰਗੁਜ਼ਾਰੀ ਉਤਸਾਹਿਤ ਹੋਣੀ ਚਾਹੀਦੀ ਹੈ ਕਿ ਉਸ ਨੇ ਇਕ ਜਾਂ ਦੂਜੇ ਤਰੀਕੇ ਨਾਲ ਆਪਣੇ-ਆਪ ਦੀ ਠੀਕ ਸਮਝ ਉਸ ਤੋਂ ਹੋਰ ਗੰਭੀਰਤਾ ਨਾਲ ਪ੍ਰਸਾਰੀ ਹੈ, ਜਿਤਨੀ ਕਿ ਈਸਾਈਆਂ ਨੂੰ ਸਮਝ ਹੈ ਜਾਂ ਜਿਤਨੀ ਉਹ ਕਲਪਨਾ ਕਰਦੇ ਹਨ।" ਵਾਸਤਵ ਵਿਚ ਲੇਖਕ ਹਿੰਦੂ ਧਰਮ ਦੇ ਉਨ੍ਹਾਂ ਖਿਤਿਆਂ ਵਿਚ ਈਸਾਈਅਤ ਦਾ ਪ੍ਰਸਾਰ ਚਾਹੁੰਦਾ ਹੈ, ਜਿਥੇ ਕੌਮੀਅਤ ਦੀ ਭਾਵਨਾ ਨਹੀਂ। ਸਿਖਾਂ ਵਰਗੀਆਂ ਕੌਮੀਅਤ ਦੀ ਚੇਤਨਾ ਵਾਲੀਆਂ ਜਮਾਤਾਂ ਵਿਚ ਪ੍ਰਸਾਰ ਤੋਂ ਉਹ ਈਸਾਈਅਤ ਦੇ ਪ੍ਰਚਾਰਕਾਂ ਨੂੰ ਸਾਵਧਾਨ ਕਰਦਾ ਹੈ ਕਿ ਸਿਖ ਸਿਧਾਂਤਾਂ ਸਾਹਮਣੇ ਈਸਾਈਅਤ ਬੌਣੀ ਸਿਧ ਹੋ ਸਕਦੀ ਹੈ। ਉਹ ਇਹ ਵੀ ਸਪਸ਼ਟ ਕਹਿੰਦਾ ਹੈ ਕਿ ਜਿਹੜੇ ਸਿਧਾਂਤਾਂ ਨੂੰ ਈਸਾਈਅਤ ਦੁਆਰਾ ਪ੍ਰਚਾਰਿਤ ਕਰਨ ਦੀ ਸਾਡੀ ਤਾਂਘ ਹੈ, ਉਹ ਸਿਧਾਂਤ ਸਿਖ ਧਰਮ ਵਿਚ ਬਹੁਤ ਪੁਸ਼ਟ ਤਰੀਕੇ ਨਾਲ ਵਿਦਮਾਨ ਹਨ, ਸ਼ਾਇਦ ਈਸਾਈਅਤ ਨਾਲੋਂ ਬਲਵਾਨ ਤਰੀਕੇ ਨਾਲ। ਈਸਾਈਅਤ ਦੀ ਸਰਬ-ਸਾਂਝੀਵਾਲਤਾ ਜੇ ਸਿਖ ਧਰਮ ਕੋਲ ਹੈ, ਤਾਂ ਇਸ ਤੋਂ ਸਾਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ, ਕਿਉਂਕਿ ਜਿਨ੍ਹਾਂ ਸਦਗੁਣਾਂ ਵਾਸਤੇ ਈਸਾਈ ਧਰਮ ਸਮਰਪਿਤ ਹੈ, ਜੇ ਕਿਸੇ ਕੌਮ ਕੋਲ ਉਹ ਪਹਿਲਾਂ ਹੀ ਹਨ, ਤਾਂ ਉਥੇ ਈਸਾਈਅਤ ਦੇ ਪ੍ਰਚਾਰ ਕਾਰਨ ਵਿਰੋਧਤਾ ਉਤਪੰਨ ਕਰਨ ਦਾ ਕੀ ਲਾਭ ? ਸੋ ਇਨ੍ਹਾਂ ਪਦਾਂ ਤੋਂ ਡਾ. ਮਾਨ ਦੀ ਆਪੂੰ-ਸਿਰਜੀ ਥਿਊਰੀ ਦਾ ਝੂਠ ਕਪੜੇ ਪਾੜ ਕੇ ਨਗਨ ਹੋ ਜਾਂਦਾ ਹੈ।

ਡਾ. ਮਾਨ ਨੇ ਵਾਰਨ ਹੇਸਟਿੰਗਜ਼ ਦੀਆਂ ਸਿਖਾਂ ਦੇ ਸੁਭਾਅ ਬਾਰੇ ਕੁਝ ਟਿਪਣੀਆਂ ਪ੍ਰਸਤੁਤ ਕੀਤੀਆਂ ਹਨ, ਜਿਨ੍ਹਾਂ ਵਿਚ ਕੁਝ ਵੀ ਸਿਖ-ਵਿਰੋਧੀ ਨਹੀਂ। ਉਹ ਲਿਖਦਾ ਹੈ ਕਿ ਸਿਖ ਜੋ ਫ਼ੌਜ ਦੇ ਧੰਦੇ ਲਈ ਬਹੁਤ ਉਪਯੋਗੀ ਹਨ, ਬਹੁਤ ਤਾਕਤਵਰ ਨਹੀਂ ਹੋ ਸਕੇ, ਜਿਸ ਦਾ ਬੁਨਿਆਦੀ ਕਾਰਨ ਉਨ੍ਹਾਂ ਦੀ ਆਜ਼ਾਦ-ਤਬੀਅਤ ਅਤੇ ਆਪਸੀ ਵਿਵਾਦ ਹੈ। ਪਰ ਉਹ ਸਾਂਝੇ ਖ਼ਤਰੇ ਸਮੇਂ ਝਟ-ਪਟ ਇਕਮੁਠ ਹੋ ਜਾਂਦੇ ਹਨ। ਡਾ. ਮਾਨ ਵਾਰਨ ਹੇਸਟਿੰਗਜ਼ ਦੇ ਇਸ ਕਥਨ ਉਤੇ ਕੇਵਲ ਝੂਠ ਦਾ ਲੇਪ ਚਾੜ੍ਹਦਾ ਹੈ, ਜੋ ਵਿਚਾਰਿਆ ਜਾਣਾ ਜ਼ਰੂਰੀ ਹੈ। ਉਹ ਕਹਿੰਦਾ ਹੈ "ਬਰਤਾਨਵੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿਖ ਹਮੇਸ਼ਾ ਆਪਸ ਵਿਚ ਝਗੜਦੇ ਹਨ, ਪਰ ਆਜ਼ਾਦ ਤਬੀਅਤ ਹੋਣ ਕਾਰਨ ਸਾਂਝੇ ਖ਼ਤਰੇ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਕਾਰਨ ਉਹ ਬਹੁਤ ਜਲਦੀ ਨਾਲ ਇਕਠੇ ਹੋ ਜਾਂਦੇ ਸਨ।" ਵਾਰਨ ਹੇਸਟਿੰਗਜ਼ ਨੇ ਨਾ ਗੁਰੂ ਗ੍ਰੰਥ ਸਾਹਿਬ ਦਾ ਜ਼ਿਕਰ ਕੀਤਾ ਹੈ, ਨਾ ਦਸਮ ਗ੍ਰੰਥ ਦਾ, ਨਾ ਉਸ ਨੇ ਸਿਖਾਂ ਦੀ ਇਕਜੁਟਤਾ ਗੁਰੂ ਗ੍ਰੰਥ ਸਾਹਿਬ ਵਿਚ ਦਸੀ ਹੈ। ਮਾਨ ਸਾਹਿਬ ਦੀਆਂ ਕੂੜ-ਕਹਾਣੀਆਂ ਝੂਠ ਨੂੰ ਹਜ਼ਾਰ ਨਹੀਂ ਲਖ ਵਾਰ ਸਚ ਕਹਿ ਕੇ ਪ੍ਰਚਾਰਨ ਦੀ ਢੀਠਤਾਈ ਦੇ ਮਾਰਗ 'ਤੇ ਨਿਰਲਜ ਤੁਰਦੀਆਂ ਜਾ ਰਹੀਆਂ ਹਨ। ਮਾਨ ਦੀ ਇਹ ਯੁਕਤੀ ਵੀ ਬਿਲਕੁਲ ਅਸਤ ਹੈ ਕਿ 'ਦਸਮ ਗ੍ਰੰਥ ਦੀਆਂ ਬਹੁਤੀਆਂ ਬੀੜਾਂ ਪੈਪਸੂ (ਜਿਸ ਦਾ ਵਡਾ ਭਾਗ ਮਾਲਵੇ ਦਾ ਇਲਾਕਾ ਹੈ) ਦੇ ਖੇਤਰ ਵਿਚ ਮਿਲਦੀਆਂ ਹਨ, ਕਿਉਂਕਿ ਇਹ ਇਲਾਕਾ ਸਤਲੁਜ ਤੋਂ ਪਾਰਲੇ ਪੰਜਾਬ ਨਾਲੋਂ ਪਹਿਲਾਂ ਅੰਗਰੇਜ਼ਾਂ ਦੇ ਸਿਆਸੀ ਪ੍ਰਭਾਵ ਵਿਚ ਆਇਆ ਸੀ ਅਤੇ ਇਥੋਂ ਦੇ ਨਿਰਮਲੇ ਅਤੇ ਸ਼ਹੀਦ ਅੰਗਰੇਜ਼ਾਂ ਦੇ ਕੰਟਰੋਲ ਵਿਚ ਹੋਣ ਕਰ ਕੇ ਉਹ ਇਨ੍ਹਾਂ ਲੋਕਾਂ ਰਾਹੀਂ ਦਸਮ ਗ੍ਰੰਥ ਨੂੰ ਇਸ ਖੇਤਰ ਵਿਚ ਪ੍ਰਚਾਰ-ਪ੍ਰਸਾਰ ਸਕੇ, ਪਰ ਹਰਿਮੰਦਿਰ ਸਾਹਿਬ ਵਿਚ ਇਸ ਦਾ ਪ੍ਰਕਾਸ਼ ਨਹੀਂ ਕਰ ਸਕੇ।' ਪਰ ਸਚਾਈ ਇਹ ਹੈ ਕਿ ਸ੍ਰੀ ਦਸਮ ਗ੍ਰੰਥ ਤਾਂ ਅੰਗਰੇਜ਼ਾਂ ਦੇ ਪੰਜਾਬ ਵਿਚ ਵੜਨ ਤੋਂ ਪਹਿਲਾਂ ਹੀ ਪਟਨਾ ਸਾਹਿਬ ਵਿਚ ਸੀ। ਕੀ ਮਾਨ ਸਾਹਿਬ ਇਹ ਦਸ ਸਕਦੇ ਹਨ ਕਿ ਜੇ ਅੰਗਰੇਜ਼ ਮਾਲਵੇ ਵਿਚ ਪ੍ਰਵੇਸ਼ ਕਰਦਿਆਂ ਹੀ ਇਥੋਂ ਦੇ ਸਾਰੇ ਗੁਰਦੁਆਰਿਆਂ ਵਿਚ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਵਾਉਣ ਵਿਚ ਕਾਮਯਾਬ ਹੋ ਗਏ ਸਨ, ਤਾਂ ਅਮ੍ਰਿਤਸਰ ਉਤੇ ਸੌ ਸਾਲ ਰਾਜ ਕਰ ਕੇ ਵੀ ਉਹ ਦਰਬਾਰ ਸਾਹਿਬ ਵਿਚ ਦਸਮ ਗ੍ਰੰਥ ਦਾ ਪ੍ਰਕਾਸ਼ ਕਿਉਂ ਨਹੀਂ ਕਰ ਸਕੇ ? ਅਸਲ ਵਿਚ ਹਰਿਮੰਦਿਰ ਸਾਹਿਬ ਆਪਣੀ ਪੁਰਾਤਨ ਮਰਯਾਦਾ ਅਨੁਸਾਰ ਚਲਦਾ ਹੈ। ਹੋਰ ਗੁਰਦੁਆਰਿਆਂ ਵਿਚ ਪ੍ਰਕਾਸ਼ ਕਰਨ ਉਪਰੰਤ ਸੰਗਤ ਸਜਦੀ ਹੈ, ਇਥੇ ਪਹਿਲਾਂ ਸੰਗਤ ਸਜਦੀ ਹੈ, ਫਿਰ ਤਕਰੀਬਨ ਉਸ ਸਮੇਂ ਪ੍ਰਕਾਸ਼ ਹੁੰਦਾ ਹੈ, ਜਿਸ ਸਮੇਂ ਗੁਰੂ ਅਰਜਨ ਦੇਵ ਜੀ ਸੰਗਤ ਵਿਚ ਆਇਆ ਕਰਦੇ ਸਨ। ਇਥੇ ਜੈਕਾਰਾ ਨਹੀਂ ਛਡਿਆ ਜਾਂਦਾ। ਇਥੇ 'ਆਗਿਆ ਭਈ ਅਕਾਲ ਕੀ......ਬਚੇ ਸ਼ਰਨ ਜੋ ਹੋਇ' ਵਾਲੇ ਦੋਹਰੇ ਨਹੀਂ ਪੜ੍ਹੇ ਜਾਂਦੇ। ਕੀ ਇਹ ਸਭ ਕੁਝ ਵੀ ਅੰਗਰੇਜ਼ਾਂ ਦਾ ਚਲਾਇਆ ਹੋਇਆ ਹੈ ? ਦਸਮ ਗ੍ਰੰਥ ਦਾ ਉਨ੍ਹਾਂ ਖੇਤਰਾਂ ਵਿਚ ਜ਼ਿਆਦਾ ਪ੍ਰਭਾਵ ਸੀ, ਜਿਥੇ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਸਨ। ਦਮਦਮਾ ਸਾਹਿਬ ਨਿਹੰਗ ਸਿੰਘਾਂ ਦਾ ਕੇਂਦਰ ਹੋਣ ਕਰ ਕੇ ਇਸ ਖੇਤਰ ਵਿਚ ਦਸਮ ਗ੍ਰੰਥ ਦੀਆਂ ਜੇ ਵਧੀਕ ਬੀੜਾਂ ਹੋਣ ਤਾਂ ਇਸ ਨੂੰ ਮੱਲੋਜ਼ੋਰੀ ਅੰਗਰੇਜ਼ਾਂ ਨਾਲ ਸੰਬੰਧਿਤ ਕਰਨਾ ਕਿਸੇ ਤਰ੍ਹਾਂ ਵੀ ਯੁਕਤੀ-ਪੂਰਵਕ ਨਹੀਂ ਹੋ ਸਕਦਾ।" ਕੀ ਡਾ. ਮਾਨ ਪਾਠਕਾਂ ਨੂੰ ਦਸਣਗੇ ਕਿ ਉਨ੍ਹਾਂ ਨੇ ਮੇਰੇ ਵਲੋਂ ਉਠਾਏ ਨੁਕਤਿਆਂ ਦਾ ਉਤਰ ਕਿਉਂ ਨਹੀਂ ਦਿਤਾ ? ਵਾਸਤਵ ਵਿਚ ਉਪਰੋਕਤ ਸ਼ਬਦ ਡਾ. ਮਾਨ ਦੀ ਵਿਦਵਤਾ ਨੂੰ ਨਗਨ ਕਰਨ ਵਾਲੇ ਸਨ। ਇਨ੍ਹਾਂ ਤੋਂ ਇਹ ਜਗ-ਜ਼ਾਹਿਰ ਹੋ ਜਾਂਦਾ ਹੈ ਕਿ ਡਾ. ਮਾਨ ਲਿਖਿਆ ਪੜ੍ਹਨ ਦੇ ਸਮਰਥ ਨਹੀਂ। ਇਸ ਲਈ ਉਨ੍ਹਾਂ ਮੇਰੀਆਂ ਯੁਕਤੀਆਂ ਸਾਹਮਣੇ ਹਥਿਆਰ ਸੁਟਣ ਦੀ ਚਾਲਾਕੀ ਵਰਤ ਕੇ ਪਾਠਕਾਂ ਨੂੰ ਛਲਣ ਦਾ ਪ੍ਰਯਤਨ ਕੀਤਾ ਹੈ।

ਵਿਅਕਤੀਗਤ ਆਕ੍ਸ਼ੇਪ :

ਡਾ. ਮਾਨ ਮੇਰੇ ਉਤੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਪ੍ਰਤੀਨਿਧ ਹੋਣ ਦਾ ਦੋਸ਼ ਆਰੋਪਿਤ ਕਰਦੇ ਹਨ। ਉਨ੍ਹਾਂ ਨੇ ਇਸ ਦੇ ਕੁਝ ਆਧਾਰ ਵੀ ਖੋਜੇ ਹਨ, ਜੋ ਪਾਠਕਾਂ ਨਾਲ ਸਾਂਝੇ ਕਰਨੇ ਜ਼ਰੂਰੀ ਹਨ-

- ਮੇਰੇ ਵਿਚਾਰ 'ਸਿੰਘ ਸਭਾ' ਅਤੇ 'ਅਕਾਲੀ ਲਹਿਰ' ਦੇ ਵਿਪਰੀਤ ਡੇਰਾਵਾਦੀ ਹਨ।
- ਮੈਂ ਨਿਰਮਲਿਆਂ ਦਾ ਸੰਗ ਕਰਨ ਵਾਲਾ ਹਾਂ।
- ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੁਤਾ ਨੂੰ ਢਾਹ ਲਗਾ ਰਿਹਾ ਹਾਂ।
- ਮੈਂ ਰਾਸ਼ਟਰੀ ਸਿਖ ਸੰਗਤ ਦਾ ਏਜੰਟ ਹਾਂ।

ਪੰਥ ਖ਼ਾਲਸਾ ਦੀ ਕਚਹਿਰੀ ਵਿਚ ਇਨ੍ਹਾਂ ਦੋਸ਼ਾਂ ਸੰਬੰਧੀ ਮੇਰਾ ਸਪਸ਼ਟੀਕਰਣ ਨਿਮਨ-ਅਨੁਸਾਰ ਹੈ-

- 'ਸਿੰਘ ਸਭਾ' ਆਪਣੇ ਸ਼ੁਧ ਸਰੂਪ ਵਿਚ ਕੇਵਲ ਮਧ ਪ੍ਰਦੇਸ਼ ਵਿਚ ਸਕ੍ਰਿਯ ਹੈ, ਜਿਥੇ ਇਸ ਦਾ ਨਾਮ 'ਮਧ ਪ੍ਰਦੇਸ਼ ਅਤੇ ਛਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ' ਹੈ ਅਤੇ ਇਸ ਦਾ ਹੈਡ-ਆਫਿਸ ਭੋਪਾਲ ਵਿਚ ਹੈ। ਭਾਰਤ ਵਿਚ ਹੋਰ ਕਿਤੇ ਵੀ ਸਿੰਘ ਸਭਾ ਸੰਗਠਿਤ ਰੂਪ ਵਿਚ ਪ੍ਰਭਾਵਸ਼ਾਲੀ ਤਰੀਕੇ ਨਾਲ ਕ੍ਰਿਆਸ਼ੀਲ ਨਹੀਂ ਹੈ। ਮੇਰਾ ਸੰਬੰਧ ਇਸ ਸੰਸਥਾ ਨਾਲ ਸੰਨ 1977 ਤੋਂ ਲੈ ਕੇ ਹੁਣ ਤਕ ਚਲਿਆ ਆ ਰਿਹਾ ਹੈ। ਇਸ ਸੰਸਥਾ ਵਲੋਂ ਆਯੋਜਿਤ ਕੀਤੇ ਜਾਂਦੇ ਗੁਰਮਤਿ ਸਿਖਿਆ ਕੈਂਪਾਂ ਦਾ ਜਿਤਨੀ ਵਾਰ ਮੈਂ ਕੈਂਪ ਪ੍ਰਿੰਸੀਪਲ ਰਹਿ ਚੁਕਾ ਹਾਂ, ਉਹ ਆਪਣੇ-ਆਪ ਵਿਚ ਸ਼ਾਇਦ ਇਕ ਰਿਕਾਰਡ ਹੋਵੇ। ਮੈਂ ਕੇਵਲ ਉਨ੍ਹਾਂ ਦੇ ਕੈਂਪਾਂ ਵਿਚ ਭਾਗ ਲੈਣ ਨਹੀਂ ਜਾਂਦਾ, ਬਲਕਿ ਸੰਨ 1984 ਦੇ ਹਾਲਾਤ ਤੋਂ ਬਾਅਦ ਮੇਰੇ ਯਤਨਾਂ ਨਾਲ ਇਸ ਸੰਸਥਾ ਦੇ ਕੈਂਪ ਆਰੰਭ ਹੋ ਸਕੇ ਸਨ ਅਤੇ ਇਸ ਪ੍ਰਾਦੇਸ਼ਿਕ ਸਿੰਘ ਸਭਾ ਦੇ ਵਡੇ ਸਫਲ ਕੈਂਪ ਮੇਰੇ ਯਤਨਾਂ ਨਾਲ ਹੀ ਆਯੋਜਿਤ ਹੁੰਦੇ ਰਹੇ ਹਨ। ਮੈਂ ਉਨ੍ਹਾਂ ਦੇ ਪਤਰ 'ਨਿਊਜ਼ ਲੈਟਰ' ਦਾ ਹਰ ਸਮੇਂ ਅਕਾਦਮਿਕ ਸਲਾਹਕਾਰ ਰਿਹਾ ਹਾਂ। ਸੰਨ 1984 ਵਿਚ ਦਰਬਾਰ ਸਾਹਿਬ ਉਤੇ ਫ਼ੌਜੀ ਹਮਲੇ ਮਗਰੋਂ ਜਦੋਂ ਸਰਕਾਰ ਦੇ ਧਕੇ ਤੋਂ ਡਰਦਿਆਂ ਕੋਈ ਕੈਂਪਾਂ ਦਾ ਨਾਮ ਨਹੀਂ ਸੀ ਲੈਂਦਾ, ਉਸ ਬਿਖੜੇ ਸਮੇਂ ਵੀ ਮੈਂ ਕੈਂਪ ਪ੍ਰਿੰਸੀਪਲ ਦੀ ਸੇਵਾ ਨਿਭਾਈ ਸੀ। ਇਸ ਸੰਸਥਾ ਦੇ ਸਾਲਾਨਾ ਸਮਾਗਮ ਵਿਚ ਹਰ ਸਾਲ ਹਾਜ਼ਰੀ ਲੁਆਉਣੀ ਅਤੇ ਕਿਸੇ ਵੀ ਸੱਦੇ ਉਤੇ ਹਰ ਹਾਲ ਪੁਜਣ ਦਾ ਯਤਨ ਕਰਨਾ ਮੈਂ ਹਰ ਸਮੇਂ ਆਪਣਾ ਸੌਭਾਗ ਸਮਝਦਾ ਹਾਂ। ਮਧ ਪ੍ਰਦੇਸ਼ ਅਤੇ ਛਤੀਸਗੜ ਦੋਹਾਂ ਪ੍ਰਦੇਸ਼ਾਂ ਦੇ ਸਿੰਘ ਸਭਾ ਨਾਲ ਜੁੜੇ ਸਾਰੇ ਪ੍ਰਮੁਖ ਵਿਅਕਤੀ ਇਸ ਸੰਸਥਾ ਨਾਲ ਮੇਰੀ ਵਚਨਬਧਤਾ ਤੋਂ ਜਾਣਕਾਰ ਹਨ। ਅਸਲ ਵਿਚ ਮੇਰਾ ਇਸ ਸੰਸਥਾ ਨਾਲ ਅਟੁਟ, ਅਭਿੰਨ ਅਤੇ ਨਿਸਵਾਰਥ ਸੰਬੰਧ ਹੈ, ਜਿਸ ਵਾਸਤੇ ਮੈਨੂੰ ਕਿਸੇ ਦੇ ਸਰਟੀਫਿਕੇਟ ਦੀ ਜ਼ਰੂਰਤ ਬਿਲਕੁਲ ਨਹੀਂ, ਕਿਉਂ ਜੁ ਮੈਂ ਇਸ ਸੰਸਥਾ ਦੇ ਨਾਮ ਨੂੰ ਵਰਤ ਕੇ ਅਜ ਤਕ ਕੋਈ ਆਪਣਾ ਸਵਾਰਥ ਪੂਰਾ ਨਹੀਂ ਕੀਤਾ। ਵਾਸਤਵ ਵਿਚ ਜੇ ਮਾਨ ਸਾਹਿਬ ਨੇ ਸਿੰਘ ਸਭਾ ਦੀ ਇਸ ਟਕਸਾਲ ਤੋਂ ਪ੍ਰਮਾਣਿਤ ਹੋਣਾ ਹੋਵੇ, ਤਾਂ ਸ਼ਾਇਦ ਮੇਰੀ ਸਿਫ਼ਾਰਿਸ਼ ਉਨ੍ਹਾਂ ਦੇ ਕੰਮ ਆ ਸਕਦੀ ਹੈ। ਮੇਰਾ ਹਰ ਸਵਾਰਥ ਪੂਰਾ ਕਰਨ ਵਾਲਾ ਮੇਰਾ ਰਬ ਹੈ, ਮੇਰਾ ਕਲਗ਼ੀਆਂ ਵਾਲਾ ਹੈ। ਮੈਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਭੋਪਾਲ ਦੀ ਵੀ ਆਪਣੀ ਸਮਰਥਾ ਅਨੁਸਾਰ ਸੇਵਾ ਕੀਤੀ ਹੈ। ਇਸ ਨਾਲ ਸੰਬੰਧਾਂ ਕਾਰਨ ਥੋੜ੍ਹਾ-ਬਹੁਤ ਮਾਨਸਿਕ ਕਸ਼ਟ ਵੀ ਝਲਿਆ ਹੈ। 'ਅਕਾਲੀ ਲਹਿਰ' ਦੇ ਆਰੰਭ ਵੇਲੇ ਮੇਰਾ ਜਨਮ ਨਹੀਂ ਸੀ ਹੋਇਆ, ਪਰ ਇਤਨੀ ਕੁ ਦ੍ਰਿੜ੍ਹ ਅਕਾਲੀ-ਨਿਸ਼ਠਾ ਮੇਰੇ ਕੋਲ ਹੈ ਕਿ ਸਾਡੇ ਘਰਾਂ ਵਿਚ ਵੋਟ ਪੰਥ ਨੂੰ ਪਾਉਣ ਦੀ ਪਰੰਪਰਾ ਹੁਣ ਤਕ ਜਾਰੀ ਹੈ। ਅਕਾਲੀ ਕਿਤਨਾ ਵੀ ਨਿਕੰਮਾ ਹੋਵੇ, ਅਸੀਂ ਆਪਣਾ ਭੈਣ-ਭਰਾ ਜਾਣ ਕੇ ਉਸੇ ਦੇ ਸਮਰਥਕ ਰਹੇ ਹਾਂ। ਡੇਰਾ ਮੇਰਾ ਕੋਈ ਹੈ ਨਹੀਂ। ਕਿਸੇ ਡੇਰੇਦਾਰ ਤੋਂ ਕੁਝ ਲਿਆ ਨਹੀਂ। ਪਰ ਡੇਰੇਦਾਰ ਤਾਂ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਵੀ ਸਨ, ਸਾਡੇ ਵੇਲੇ ਗੁਰਮਤਿ ਕਾਲਿਜ ਦਾ ਹਰ ਵਿਦਿਆਰਥੀ ਉਨ੍ਹਾਂ ਦਾ ਸਨਮਾਨ ਕਰਦਾ ਸੀ। ਸੰਤ ਅਤਰ ਸਿੰਘ, ਗੁਰਮਤਿ ਕਾਲਿਜ ਦੇ ਸੰਸਥਾਪਕ ਸੰਤ ਗੁਰਮੁਖ ਸਿੰਘ, ਸੰਤ ਨਿਰੰਜਣ ਸਿੰਘ ਪਟਿਆਲਾ, ਸੰਤ ਜੀਵਨ ਸਿੰਘ-ਦਲੀਪ ਸਿੰਘ ਕਾਰ ਸੇਵਾ ਵਾਲੇ ਅਜਿਹੇ ਅਨੇਕਾਂ ਗੁਰਮੁਖ ਹਨ, ਜਿਨ੍ਹਾਂ ਦੀ ਕਰਣੀ ਨੂੰ ਸਿਰ ਝੁਕਾਉਣ ਵਿਚ ਮੇਰੀ ਸਿਖੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ, ਨਾ ਮੈਨੂੰ ਕੋਈ ਸ਼ਰਮ ਆਉਂਦੀ ਹੈ। ਹਾਂ ਕੂੜ-ਕੁਸਤਿ ਦੇ ਪ੍ਰਸਾਰਕ ਮਨਮਤੀਆਂ ਦੇ ਸੰਗ ਵਿਚੋਂ ਸ਼ਰਮ ਆਵੇ, ਇਹ ਅਰਦਾਸ ਕਰੀਦੀ ਹੈ।
- ਡਾ. ਮਾਨ ਨੂੰ ਇਤਰਾਜ਼ ਹੈ ਕਿ ਮੈਂ ਨਿਰਮਲਿਆਂ ਦਾ ਸੰਗੀ ਹਾਂ। ਮੇਰੀ ਨਿਸ਼ਠਾ ਹੈ ਕਿ ਮੈਨੂੰ ਪਵਿਤਰ ਲੋਕਾਂ ਦੀ ਸੰਗਤ ਤੋਂ ਕਈ ਪਰਹੇਜ਼ ਨਹੀਂ। ਮੈਂ ਹੀ ਨਹੀਂ, ਹਰ ਸਿਖ ਹਰ ਰੋਜ਼ ਇਹ ਅਰਦਾਸ ਕਰਦਾ ਹੈ ਕਿ ਉਸ ਨੂੰ ਨਾਮ-ਜਪਣ ਵਾਲੇ ਪਵਿਤਰ ਲੋਕਾਂ ਦਾ ਮੇਲ ਪ੍ਰਾਪਤ ਹੋਵੇ। ਕੁਰਾਨ ਦੀ ਪਹਿਲੀ ਸੂਰਤ ਵਿਚ ਵੀ ਅਜਿਹੇ ਨੇਕ ਲੋਕਾਂ ਦੇ ਸੰਗ ਦੀ ਹੀ ਕਾਮਨਾ ਕੀਤੀ ਉਪਲਬਧ ਹੈ। ਮੈਂ ਡਾ. ਮਾਨ ਦਾ ਬਹੁਤ ਧੰਨਵਾਦੀ ਹੁੰਦਾ, ਜੇ ਉਹ ਮੈਨੂੰ ਮਲੀਨ ਲੋਕਾਂ ਦੇ ਸੰਗ ਤੋਂ ਵਰਜਿਤ ਕਰਦੇ, ਪਰ ਅਫ਼ਸੋਸ ਉਹ ਮੈਨੂੰ ਮਨਮੁਖਾਂ ਦੇ ਸੰਗ ਵਿਚ ਵੇਖ ਕੇ ਖ਼ੁਸ਼ ਹਨ ਅਤੇ ਪਵਿਤਰ ਲੋਕਾਂ ਦੀ ਸੁਹਬਤ ਤੋਂ ਨਾਖ਼ੁਸ਼। ਉਨ੍ਹਾਂ ਨੂੰ ਇਹ ਖ਼ੁਸ਼ੀ ਦੇਣੀ ਮੇਰੇ ਵਸ ਵਿਚ ਨਹੀਂ ਹੈ।
- ਡਾ. ਮਾਨ ਦਾ ਇਹ ਇਤਰਾਜ਼ ਹੈ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੁਤਾ ਨੂੰ ਢਾਹ ਲਗਾ ਰਿਹਾ ਹਾਂ। ਮੇਰੀ ਬੇਨਤੀ ਹੈ ਕਿ ਮੇਰਾ ਲਿਖਿਆ ਕੋਈ ਇਕ ਵਾਕ ਅਤੇ ਕੀਤਾ ਹੋਇਆ ਕੋਈ ਇਕ ਵੀ ਕਰਮ ਦਸ ਦੇਣ ਜੋ ਸ੍ਰੀ ਗੁਰੂ ਗ੍ਰੰਥ ਅਤੇ ਸ੍ਰੀ ਗੁਰੂ ਪੰਥ ਦੀ ਗੁਰੁਤਾ ਦੇ ਵਿਰੁਧ ਹੋਵੇ। ਸਗੋਂ ਮੈਂ ਆਪਣੀਆਂ ਲਿਖਤਾਂ ਰਾਹੀਂ ਇਸ ਵਿਸ਼ੇ ਦਾ ਭਰਪੂਰ ਪ੍ਰਚਾਰ ਕੀਤਾ ਹੈ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਕੋਸ਼ ਤਿਆਰ ਕੀਤੇ ਹਨ। ਇਕ-ਇਕ ਸ਼ਬਦ ਦਾ ਵਾਸਤਵਿਕ ਅਰਥ ਖੋਜ ਕੇ ਖੋਜਾਰਥੀਆਂ ਅਤੇ ਸਿਖ ਵਿਸ਼ਵਾਸੀਆਂ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ ਦੀਆਂ ਉਚਾਈਆਂ ਰਖ ਰਿਹਾ ਹਾਂ, ਤੁਹਾਡੇ ਕਿਸੇ ਵੀ ਟੁਕੜ-ਬੋਚ ਦੀ ਪ੍ਰਾਪਤੀ ਮੇਰੇ ਤੋਂ ਵਿਸ਼ਾਲ ਹੋਵੇ, ਤਾਂ ਦਸਿਓ। ਅਸਲ ਵਿਚ ਪੁਸਤਕਾਂ ਦੇ ਨਿੰਦਕ ਕਦੇ ਗੁਰੂ ਗ੍ਰੰਥ ਸਾਹਿਬ ਦੀ ਉਚਿਆਈ ਨੂੰ ਨਹੀਂ ਜਾਣ ਸਕਦੇ। ਅਖਰ-ਸਨੇਹੀ ਹੀ ਸ਼ਬਦ ਦੇ ਆਤਮ-ਪ੍ਰਕਾਸ਼ ਦਾ ਆਨੰਦ ਲੈ ਸਕਦੇ ਹਨ। ਸ੍ਰੀ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੁਤਾ ਨੂੰ ਢਾਹ ਲਗਦੀ ਹੈ, ਇਸ ਵਿਚ ਮੇਰਾ ਰਤਾ ਭਰ ਵੀ ਵਿਸ਼ਵਾਸ ਨਹੀਂ। ਸ੍ਰੀ ਗੁਰੂ ਗ੍ਰੰਥ ਜੀ ਨੂੰ ਗੁਰੂ ਮੰਨਣ ਵਾਸਤੇ ਬਾਕੀ ਸਭ ਪੁਸਤਕਾਂ ਨਸ਼ਟ ਕਰ ਦੇਣੀਆਂ ਚਾਹੀਦੀਆਂ ਹਨ, ਮੈਂ

ਤੁਹਾਡੇ ਇਸ ਵਿਚਾਰ ਨਾਲ ਬਿਲਕੁਲ ਸਹਿਮਤ ਨਹੀਂ। ਅਸਲੀਅਤ ਵਿਚ ਸ਼੍ਰੀ ਦਸਮ ਗ੍ਰੰਥ ਦੇ ਵਿਰੋਧੀ ਹੀ ਗੁਰੂ ਗ੍ਰੰਥ ਸਾਹਿਬ ਉਤੇ ਕਿੰਤੂ ਕਰਦੇ ਹਨ। ਮਿਸਾਲ ਲਈ ਸ਼੍ਰੀ ਦਸਮ ਗ੍ਰੰਥ ਦਾ ਵਿਰੋਧੀ ਭਸੌੜ ਪੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਉਤੇ ਵੀ ਕਿੰਤੂ ਕਰਦਾ ਸੀ। ਸ. ਸ਼ਮਸ਼ੇਰ ਸਿੰਘ 'ਅਸ਼ੋਕ' ਰਾਗਮਾਲਾ ਦੇ ਵਿਰੁਧ ਸਨ। ਪ੍ਰਸਿਧ ਵਿਦਵਾਨ ਸਵਰਗਵਾਸੀ ਸ. ਹਰਿੰਦਰ ਸਿੰਘ ਮਹਿਬੂਬ 'ਸ਼੍ਰੀ ਦਸਮ ਗ੍ਰੰਥ' ਦੇ ਵਿਰੋਧੀ ਸਨ, ਅਤੇ ਨਾਲ ਹੀ ਉਹ ਭਗਤਾਂ ਅਤੇ ਭਟਾਂ ਦੀ ਬਾਣੀ ਨੂੰ ਵੀ ਤੁਛ ਸਮਝਦੇ ਸਨ। ਰਾਗਮਾਲਾ ਵਿਚ ਵਿਸ਼ਵਾਸ ਨਹੀਂ ਸੀ ਰਖਦੇ। ਅਜਿਹਾ ਹੀ ਹਾਲ 'ਦਸਮ ਗ੍ਰੰਥ' ਦੇ ਸਾਰੇ ਵਿਰੋਧੀਆਂ ਦਾ ਹੈ।

- ਸਿਖਾਂ ਦੀ ਇਕ ਪੁਰਾਣੀ ਆਦਤ ਹੈ- ਜਿਸ ਨਾਲ ਵਿਚਾਰਾਂ ਦਾ ਮਤਭੇਦ ਹੋਵੇ, ਉਹ ਕਾਂਗਰਸ ਦਾ ਏਜੰਟ ਹੈ। ਸਮੇਂ ਦੇ ਫੇਰ ਨਾਲ ਹੁਣ ਇਸ ਵਿਚ ਇਤਨਾ ਪਰਿਵਰਤਨ ਆਇਆ ਹੈ ਕਿ ਹੁਣ ਵਿਰੋਧੀ ਵਿਅਕਤੀ ਆਰ. ਐਸ. ਐਸ. ਦਾ ਏਜੰਟ ਬਣਾ ਦਿਤਾ ਜਾਂਦਾ ਹੈ। ਮੇਰੇ ਨਾਲ ਵੀ ਇਹੋ ਹੋਣਾ ਸੀ। ਡਾ. ਮਾਨ ਲਿਖਦੇ ਹਨ,'ਇੰਟਰਨੈਟ ਤੇ ਪਾਈ ਆਰ. ਐਸ. ਐਸ. ਦੀ ਨਵੀਂ ਲਿਸਟ ਵਿਚ ਮੈਂ ਹਰਭਜਨ ਸਿੰਘ ਦਾ ਨਾਮ ਵੇਖਿਆ ਹੈ।......ਪਾਠਕ ਆਪ ਸਮਝ ਲੈਣ ਕਿ ਇਨ੍ਹਾਂ ਉਪਰ ਦਸੀਆਂ ਪੰਥ-ਵਿਰੋਧੀ ਬਹੁਤ ਹੀ ਡੂੰਘੀਆਂ ਸਾਜ਼ਿਸ਼ਾਂ ਲਈ (ਅਰਥਾਤ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਲਿਖਣ ਵਾਸਤੇ) ਕੌਣ ਧਨ ਦੇ ਰਿਹਾ ਹੈ ? ਕੀ ਹਰਭਜਨ ਸਿੰਘ ਪੰਥ ਨੂੰ ਜਵਾਬ ਦੇ ਸਕਦਾ ਹੈ ਕਿ ਉਸ ਦੀ ਮਜ਼ਬੂਰੀ ਕਿਹੜੀ ਹੈ ? ਜਾਂ ਫਿਰ ਉਸ ਨੂੰ ਹਰ-ਹਾਲ ਇੰਟਰਨੈਟ ਉਤੇ ਪਾਈ ਜਾਣਕਾਰੀ ਨੂੰ ਚੈਲੇਂਜ ਕਰਨਾ ਚਾਹੀਦਾ ਹੈ। ਜੇ ਉਹ ਚਾਹੇ ਤਾਂ ਜਾਂਚ ਕਰ ਕੇ ਪੰਥ ਸਾਹਮਣੇ ਆਪਣੀ ਸਥਿਤੀ ਸਪਸ਼ਟ ਕਰ ਦੇਵੇ। (I have noted Harbhajan Singh,s name in document titled - R.S.S. New List at web page WAKE UP KHALSA. .....Readers can interpret themselves who is compensating who for this deep rooted anti panthic conspiracy as outlined above. Can Harbhajan Singh share with Panth what is His helplessness/Compulson" ਮਜ਼ਬੂਰੀ"or otherwise must controvert above postings ASAP and clarify this issue before the Panth after investigation if he wishes to do so). ਮੈਂ ਆਪਣਾ ਸਪਸ਼ਟੀਕਰਣ ਦੇਵਾਂ ਇਸ ਤੋਂ ਪਹਿਲਾਂ ਰਾਸ਼ਟਰੀ ਸਿਖ ਸੰਗਤ ਦੇ ਨਾਮ ਉਤੇ ਜਾਰੀ ਕੀਤਾ ਬਿਆਨ ਪਾਠਕਾਂ ਨਾਲ ਸਾਂਝਾ ਕਰਨਾ ਜ਼ਰੂਰੀ ਹੈ। ਬਿਆਨ ਹੈ-
"ਰਾਸ਼ਟਰੀ ਸਿਖ ਸੰਗਤ ਦੀ 25. 5. 2009 ਦੀ (ਸਰਕੂਲਰ) ਨਾਗਪੁਰ 25. 5. 2009 ਰਾਸ਼ਟਰੀ ਸਿਖ ਸੰਗਤ ਦੀ ਏਪੈਕਸ ਕਮੇਟੀ ਵਿਚ ਮੈਂਬਰ ਚੁਣੇ ਗਏ ਚਿਰੰਜੀਵ ਸਿੰਘ, ਸਰਪ੍ਰਸਤ ਰੁਲਦਾ ਸਿੰਘ ਪਰਧਾਨ, ਵੀਰੇਂਦਰ ਸਿੰਘ ਦਿਲੀ, ਗੁਰਚਰਨ ਸਿੰਘ ਗਿਲ ਜੈਪੁਰ, ਰਵਿੰਦਰਪਾਲ ਸਿੰਘ ਦਿਲੀ, ਜਗਜੀਵਨਜੋਤ ਸਿੰਘ ਉਤਰਾਂਚਲ, ਡਾ. ਜਸਵਿੰਦਰ ਸਿੰਘ, ਡਾ. ਅਵਤਾਰ ਸਿੰਘ ਸ਼ਾਸਤਰੀ, ਬਾਬੂ ਸਿੰਘ ਦੁਖੀਆ, ਦਲਜੀਤ ਸਿੰਘ ਖਾਲਸਾ, ਰਜਿੰਦਰ ਸਿੰਘ ਭੰਗੂ, ਰਣਜੀਤ ਸਿੰਘ ਰਾਣਾ ਬਰਮਿੰਘਮ, ਮਨਜਿੰਦਰ ਸਿੰਘ ਸਰਸਾ, ਵਿੰਗ ਕਮਾਂਡਰ ਜੇ. ਐਸ. ਚਢਾ, ਪਰਤਾਪ ਸਿੰਘ ਫੌਜਦਾਰ, ਰਣਬੀਰ ਸਿੰਘ, ਸ਼ੇਰ ਸਿੰਘ ਫੌਜੀ। ਏਪੈਕਸ ਕਮੇਟੀ ਦੀਆਂ ਬੈਠਕਾਂ ਵਿਚ ਵਿਸ਼ੇਸ਼ ਤੌਰ ਤੇ ਸਦੇ ਜਾਣ ਵਾਲਿਆਂ ਵਿਚ ਪਰੀਤਮ ਸਿੰਘ ਭਾਟੀਆ ਫਰੀਦਾਬਾਦ, ਗਿਆਨੀ ਕੁਲਵਿੰਦਰ ਸਿੰਘ, ਗੁਰਚਰਨਜੀਤ ਸਿੰਘ ਲਾਂਬਾ ਸੰਤ ਸਿਪਾਹੀ, ਡਾ. ਗੁਰਦੀਪ ਸਿੰਘ ਜਗਬੀਰ ਪੰਜਾਬ ਰੇਡੀਓ ਲੰਡਨ, ਡਾ. ਹਰਪਾਲ ਸਿੰਘ ਪੰਨੂ ਪਟਿਆਲਾ ਯੂਨੀਵਰਸਿਟੀ, ਡਾ. ਜੋਧ ਸਿੰਘ ਪਟਿਆਲਾ ਯੂਨੀਵਰਸਿਟੀ, ਪ੍ਰੋ. ਹਰਭਜਨ ਸਿੰਘ ਦੇਹਰਾਦੂਨ, ਰਤਿੰਦਰ ਸਿੰਘ ਇੰਦੌਰ, ਕਸ਼ਮੀਰ ਸਿੰਘ ਪਟਿਆਲਾ ਯੂਨੀਵਰਸਿਟੀ, ਗੁਰਇਕਬਾਲ ਸਿੰਘ ਕੌਲਸਰ ਟਕਸਾਲ, ਰਾਗੀ ਹਰਿਬੰਸ ਸਿੰਘ ਜਗਾਧਰੀ, ਗਿਆਨੀ ਪੂਰਨ ਸਿੰਘ, ਸੰਤ ਹਰੀ ਸਿੰਘ ਜ਼ੀਰਾ, ਪ੍ਰੋ. ਦਵਿੰਦਰ ਸਿੰਘ ਜੰਮੂ, ਪ੍ਰੋ. ਦਵਿੰਦਰ ਸਿੰਘ ਮੋਹਾਲੀ, ਡੀ. ਐਸ. ਮਾਂਗਟ ਕੈਨੇਡਾ, ਇੰਦਰ ਸਿੰਘ। ਰਾਸ਼ਟਰੀ ਸਵਯੰ ਸੇਵਕ ਸੰਘ ਵਲੋਂ ਸ੍ਰੀ ਕੁਲਦੀਪ ਚੰਦ ਅਗਨੀਹੋਤਰੀ ਇਸ ਕਮੇਟੀ ਦੇ ਸੰਚਾਲਕ ਬਣਾਏ ਗਏ। ਮੀਟਿੰਗ ਵਿਚ ਗਿਆਨ ਸਿੰਘ ਆਹੂਜਾ ਜਬਲਪੁਰ ਦੇ ਨਿਧਨ ਤੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਮਤਾ ਪਾਸ ਹੋਇਆ ਕਿ ਸੰਤ ਹਰਨਾਮ ਸਿੰਘ ਧੁੰਮਾ, ਭਾਈ ਬਲਦੇਵ ਸਿੰਘ ਅਖੰਡ ਕੀਰਤਨੀ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸੰਤ ਸੁਧ ਸਿੰਘ, ਸੰਤ ਬੇਅੰਤ ਸਿੰਘ, ਸੰਤ ਸੁਖਦੇਵ ਸਿੰਘ, ਨਿਹੰਗ ਸ਼ੇਰ ਸਿੰਘ, ਨਿਹੰਗ ਬਲਦੇਵ ਸਿੰਘ, ਸੰਤ ਗਿਆਨਦੇਵ ਸਿੰਘ, ਸੰਤ ਬਲਬੀਰ ਸਿੰਘ ਸੀਚੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇ।"

ਇਹ ਸਰਕੂਲਰ ਰਾਸ਼ਟਰੀ ਸਿਖ ਸੰਗਤ ਦਾ ਹੈ, ਜਾਂ ਸ੍ਰੀ ਦਸਮ ਗ੍ਰੰਥ ਦੇ ਵਿਰੋਧੀਆਂ ਦੀ ਬਦਨਾਮ ਕਰਨ ਦੀ ਸਾਜ਼ਿਸ਼ ਦਾ ਹਿਸਾ, ਮੈਨੂੰ ਨਹੀਂ ਪਤਾ। ਮੈਨੂੰ ਇਤਨਾ ਪਤਾ ਹੈ ਕਿ ਹਰਭਜਨ ਸਿੰਘ ਨੂੰ ਨਾ ਸਰਕਾਰ, ਨਾ ਕੋਈ ਪੰਥ ਵਿਰੋਧੀ, ਨਾ ਹਮਾਇਤੀ ਖ਼ਰੀਦਣ ਦੇ ਸਮਰਥ ਹੈ। ਜਿਹੜੇ ਗੁਰੂ ਦੇ ਰਾਹ ਉਤੇ ਤੁਰਦੇ ਹਨ, ਉਨ੍ਹਾਂ ਦਾ ਚਿਤ ਧਨ 'ਤੇ ਨਹੀਂ ਡੋਲਦਾ। ਨਾ ਉਹ ਕਿਸੇ ਨੂੰ (ਤੁਹਾਡੇ ਵਾਂਗ ਧਨ ਨਾਲ) ਖ਼ਰੀਦਦੇ ਹਨ, ਨਾ ਉਹ ਕਦੇ ਵਿਕਦੇ ਹਨ। ਵਿਕਣਾ ਗੁਰੂ ਦੇ ਨਾਮ ਤੇ ਹੀ ਕਾਫ਼ੀ ਹੈ, ਹੋਰ ਵਿਕਣ ਦੀ ਕੀ ਲੋੜ ਹੈ ? ਜੇ ਅਕਾਲ-ਪੁਰਖ਼ ਨੇ ਭੁਖ-ਨੰਗ ਦਿਤੀ ਹੋਵੇ ਤਾਂ ਬੰਦਾ ਡੋਲ ਸਕਦਾ ਹੈ। ਪਰ ਜੇ ਮੇਰੇ ਵਰਗੇ ਨੂੰ, ਜਿਸ ਨੇ ਬਚਪਨ ਵਿਚ ਕਲਰਕ ਬਣਨ ਦਾ ਸੁਪਨਾ ਵੀ ਨਾ ਲਿਆ ਹੋਵੇ, ਪਰਮੇਸ਼ਰ ਪੂਰੀ ਸ਼ਾਨ ਸਹਿਤ ਯੂਨੀਵਰਸਿਟੀ ਵਿਚ ਪ੍ਰੋਫੈਸਰ ਥਾਪ ਦੇਵੇ, ਫਿਰ ਅਤਿ-ਨਿੰਦਿਤ ਰਾਸ਼ਟਰੀ ਸਿਖ ਸੰਗਤ ਦੇ ਨਿਕੰਮੇ-ਨਿਕੰਮੇ ਕਾਰਕੁਨਾਂ ਹਥੋਂ ਪਾਣੀ ਦਾ ਘੁਟ ਵੀ ਕੌਣ ਪੀਣਾ ਚਾਹੇਗਾ ? ਉਹ ਮੈਨੂੰ ਕੀ ਦੇਣ ਦੇ ਸਮਰਥ ਹਨ ? ਇਹ ਭਿਖਾਰੀ ਗੁਰੂ ਦੇ ਸਿਖਾਂ ਨੂੰ ਕੁਝ ਦੇਣ ਦੇ ਕਦੋਂ ਤੋਂ ਸਮਰਥ ਹੋ ਗਏ ਹਨ ? ਤੁਹਾਡੀ ਨਜ਼ਰ ਵਿਚ ਇਹ ਦਾਤੇ ਹੋਣਗੇ, ਮੇਰੇ ਵਾਸਤੇ ਤਾਂ ਸਾਰਾ ਜਹਾਨ ਗੁਰੂ ਦੇ ਦਰ ਦਾ ਮੰਗਤਾ ਹੈ। ਮਾਨ ਸਾਹਿਬ ! ਵਿਕਿਆਂ ਹੋਇਆਂ ਕੋਲ ਕਦੇ ਖ਼ਰੀਦਣ ਦੀ ਸਮਰਥਾ ਹੋਈ ਹੈ ? ਇਨ੍ਹਾਂ ਤੋਂ ਉਨ੍ਹਾਂ ਲੋਕਾਂ ਦੀ ਸਿਖੀ ਨੂੰ ਖ਼ਤਰਾ ਹੈ, ਜੋ ਇਨ੍ਹਾਂ ਨੂੰ ਬਹੁਤ ਪਹੁੰਚ ਵਾਲੇ ਸਮਝਦੇ ਹਨ। ਮੈਂ ਤਾਂ ਇਨ੍ਹਾਂ ਦੀ ਪਹੁੰਚ ਆਪਣੇ ਤਕ ਵੀ ਨਹੀਂ ਸਮਝਦਾ, ਕਿਉਂਕਿ ਮੇਰੇ ਕੋਲ ਇਨ੍ਹਾਂ ਦੇ ਕਿਸੇ ਏਜੰਟ ਨੇ ਪੁਜਣ ਦੀ ਅਜੇ ਤਕ ਹਿੰਮਤ ਹੀ ਨਹੀਂ ਕੀਤੀ।

ਇਥੇ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਸਾਡੇ ਵਰਗੇ ਲਿਖਣ-ਬੋਲਣ ਦਾ ਕੰਮ ਕਰਨ ਵਾਲਿਆਂ ਨੂੰ ਕਿਸੇ ਵੀ ਜਥੇਬੰਦੀ, ਪੰਥ, ਅਕਾਦਮਿਕ ਅਦਾਰੇ, ਸੰਪ੍ਰਦਾਇ ਜਾਂ ਧਾਰਮਿਕ ਸਮੁਦਾਇ ਤੋਂ ਵਿਚਾਰ ਪ੍ਰਗਟ ਕਰਨ ਲਈ ਨਿਮੰਤ੍ਰਣ ਆ ਸਕਦਾ ਹੈ। ਉਥੇ ਜਾਣਾ ਵੀ ਗੁਨਾਹ ਨਹੀਂ, ਬੋਲਣਾ ਵੀ ਪਾਪ ਨਹੀਂ, ਬਲਕਿ ਵਿਦਿਆ ਦਾ ਪ੍ਰਸਾਰ ਇਹ ਸਾਡਾ ਨੈਤਿਕ ਧਰਮ ਹੈ। ਪਾਪ ਹੈ ਤਾਂ ਸਿਖ ਪੰਥ ਦੀ ਸ਼ਾਨ ਨੂੰ ਨੀਵਾਂ ਕਰਨਾ। ਮੈਨੂੰ ਤਾਂ ਇਸ ਸੰਸਥਾ ਦਾ ਕਦੇ ਕੋਈ ਨਿਮੰਤ੍ਰਣ ਨਹੀਂ ਆਇਆ। ਕਿਸੇ ਸਦੇ ਤੇ ਇਨ੍ਹਾਂ ਕੋਲ ਗਿਆ ਨਹੀਂ, ਕਦੇ ਇਨ੍ਹਾਂ ਦੀ ਸਭਾ ਵਿਚ ਭਾਸ਼ਣ ਨਹੀਂ ਦਿਤਾ। ਫਿਰ ਮੈਂ ਕਸੂਰਵਾਰ ਅਤੇ ਪੰਥ-ਧ੍ਰੋਹੀ ਕਿਵੇਂ ਹੋ ਗਿਆ ? ਇਕ ਘਟਨਾ ਯਾਦ ਆਈ। ਮੈਂ ਦੇਹਰਾਦੂਨ ਨਵਾਂ ਆਇਆ ਸੀ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਦੀ ਆਨਰੇਰੀ ਡਾਇਰੈਕਟਰ ਬੀਬੀ ਮਹਿੰਦਰ ਕੌਰ ਜੀ ਨਾਲ ਸੰਸਕ੍ਰਿਤ ਦਾ ਇਕ ਪ੍ਰੋਫੈਸਰ ਆਇਆ। ਕਹਿਣ ਲਗਿਆ 'ਸਿਖ ਤੋ ਹਿੰਦੂ ਹੀ ਹੈਂ, ਖ਼ਾਲਸਾ ਤੋ ਹਿੰਦੂਓਂ ਕੀ ਫ਼ੌਜ ਥੀ। ਯੇ ਤੋ ਹਮਰੀ ਰਕਸ਼ਾ ਕੇ ਲਿਯੇ ਸ਼੍ਰੀ ਗੁਰੂ ਜੀ ਨੇ ਬਨਾਈ ਥੀ। ਇਸ ਲਿਯੇ ਆਪ ਹਮ ਭਾਈ-ਭਾਈ ਹੈਂ।' ਮੈਂ ਉਸ ਨੂੰ ਉਤਰ ਦਿਤਾ 'ਆਪ ਬਿਲਕੁਲ ਠੀਕ ਕਹਿਤੇ ਹੈਂ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹਮਾਰੇ ਦੁਸ਼ਮਨ ਥੇ ਤੁਮਹਾਰੇ ਮਿਤਰ ਥੇ, ਕਿਉਂਕਿ ਮਰਨੇ ਕੀ ਡਿਊਟੀ ਹਮਾਰੀ ਔਰ ਰਾਜ ਕਾ ਸੁਖ ਤੁਮਹਾਰੇ ਲੀਏ। ਹਮੇਂ ਸਿਪਾਹੀ ਬਣਾ ਦਿਯਾ, ਤੁਮਹੇਂ ਹਾਕਿਮ। ਤੋ ਗੁਰੂ ਤੁਮਹਾਰੇ ਥੇ ਯਾ ਹਮਾਰੇ'। ਉਸ ਭਾਈ ਦੀ ਇਸ ਵਿਕ੍ਰਿਤ ਧਾਰਨਾ ਦਾ ਨਿਖੇਧ ਕਰਨ ਵਾਸਤੇ ਵੀ ਉਸ ਵੇਲੇ ਮੈਂ ਤੁਹਾਡੀ ਘੋਰ-ਨਿੰਦਾ ਦਾ ਸ਼ਿਕਾਰ ਦਸਮ ਪਾਤਸ਼ਾਹ ਦੀ 'ਰਾਮਾਵਤਾਰ' ਬਾਣੀ ਦਾ ਆਸਰਾ ਲੈਂਦਿਆਂ ਉਸ ਨੂੰ ਕਿਹਾ ਕਿ 'ਅਗਰ ਵਾਸਤਵ ਮੇਂ ਆਪ ਮੇਰੇ ਭਾਈ ਹੈਂ ਤੋ ਮੇਰੇ ਸਾਥ ਹਰ ਰੋਜ਼ ਇਨ ਪੰਕਤੀਓਂ ਕਾ ਪਾਠ ਕਿਉਂ ਨਹੀਂ ਕਰਤੇ- 'ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਯੋ। ਸਿਮ੍ਰਿਤਿ ਸ਼ਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨਾ ਜਾਨਯੋ।' ਉਸ ਸੁਹਿਰਦ ਭਾਈ ਦੀ ਸ਼ਕਲ ਮੈਂ ਅਜ ਤਕ ਦੋਬਾਰਾ ਕਦੇ ਨਹੀਂ ਵੇਖੀ।

ਮੈਂ ਤੁਹਾਨੂੰ ਰਾਸ਼ਟਰੀ ਸਿਖ ਸੰਗਤ ਨਾਲ ਆਪਣੀ ਗੂੜ੍ਹੀ-ਨੇੜਤਾ ਦੀ ਕਹਾਣੀ ਜ਼ਰੂਰ ਦਸਾਂਗਾ। ਇਸ ਸੰਗਠਨ ਦੀ ਜਦੋਂ ਸਥਾਪਨਾ ਹੋਈ ਸੀ, ਜਦੋਂ ਆਮ ਸਿਖ ਇਨ੍ਹਾਂ ਦੇ ਮਿਸ਼ਨ ਬਾਰੇ ਕੁਝ ਵੀ ਨਹੀਂ ਸੀ ਜਾਣਦੇ, ਉਸ ਸਮੇਂ ਸਾਡੇ ਤੋਂ ਵਕਤ ਲੈ ਕੇ ਇਨ੍ਹਾਂ ਨੇ ਗੁਰਦੁਆਰਾ ਟੀ. ਟੀ. ਨਗਰ ਭੋਪਾਲ ਵਿਚ ਕੁਝ ਹਿੰਦੂਵਾਦੀ ਭਾਵਨਾ ਤੋਂ ਪ੍ਰੇਰਿਤ ਲੈਕਚਰ ਕੀਤੇ ਸਨ, ਜਿਸ ਉਤੇ ਅਸਾਂ ਆਪਣਾ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ, ਫਿਰ ਕਦੇ ਗੁਰਦੁਆਰਾ ਸਾਹਿਬ ਦੀ ਸਟੇਜ ਤੇ ਇਨ੍ਹਾਂ ਨੂੰ ਨਹੀਂ ਸੀ ਚੜ੍ਹਨ ਦਿਤਾ। ਫਿਰ ਸ. ਸ਼ਮਸ਼ੇਰ ਸਿੰਘ (ਮ੍ਰਿਤਕ) ਕਾਨਪੁਰੀਏ ਦੀ ਅਗਵਾਈ ਵਿਚ ਇਨ੍ਹਾਂ ਗੁਰਦੁਆਰਾ ਨਾਨਕਸਰ ਹਮੀਦੀਆ ਰੋਡ ਭੋਪਾਲ ਵਿਖੇ ਪ੍ਰੋਗਰਾਮ ਕੀਤਾ। ਮੈਂ ਆਪਣੇ ਸਾਥੀਆਂ ਸਹਿਤ ਸ. ਸ਼ਮਸ਼ੇਰ ਸਿੰਘ ਨੂੰ ਸਿਖ ਸਟੇਜਾਂ ਤੋਂ ਹਿੰਦੂ ਮਨਸੂਬੇ ਪ੍ਰਚਾਰਨ ਲਈ ਫਟਕਾਰ ਪਾਈ। 'ਮਧ ਪ੍ਰਦੇਸ਼ ਕੇਂਦਰੀ ਸਿੰਘ ਸਭਾ' ਦੇ ਯਤਨਾਂ ਨਾਲ ਸਾਰੇ ਭੋਪਾਲ ਦੇ ਗੁਰਦੁਆਰਿਆਂ ਵਿਚ ਇਨ੍ਹਾਂ ਦੀ ਘੁਸਪੈਠ ਰੋਕ ਦਿਤੀ ਗਈ। ਫਿਰ ਇਸ ਜਮਾਤ ਨੇ ਆਰ. ਐਸ. ਐਸ. ਦੇ ਸਹਿਯੋਗ ਨਾਲ ਭੋਪਾਲ ਦੇ ਰਵਿੰਦਰ ਭਵਨ ਵਿਚ ਸਮਾਗਮ ਰਖਿਆ, ਜਿਸ ਵਿਚ ਮੈਂ ਤੇ ਸ. ਜੀਵਨਜੀਤ ਸਿੰਘ ਭੋਪਾਲ ਕੇਵਲ ਇਹ ਵੇਖਣ ਲਈ ਗਏ ਕਿ ਉਹ ਸਮਾਗਮ ਵਿਚ ਕਿਸ ਕਿਸਮ ਦੇ ਭਾਸ਼ਣ ਦੇਂਦੇ ਹਨ ? ਜਦੋਂ ਇਨ੍ਹਾਂ ਨੇ ਸਿਖਾਂ ਨੂੰ ਹਿੰਦੂ ਦਸਣ ਦਾ ਪ੍ਰਯਤਨ ਕੀਤਾ, ਤਾਂ ਆਰ. ਐਸ. ਐਸ ਦੇ ਸੈਂਕੜੇ ਵਰਕਰਾਂ ਦੀ ਮਾਰ-ਕੁਟਾਈ ਦੀ ਪ੍ਰਵਾਹ ਕੀਤੇ ਬਿਨਾ ਅਸਾਂ ਕੇਵਲ ਦੋ ਸਿਖਾਂ ਮੈਂ ਅਤੇ ਸ. ਜੀਵਨਜੀਤ ਸਿੰਘ ਨੇ ਖੜੇ ਹੋ ਕੇ ਉਚੀ ਆਵਾਜ਼ ਵਿਚ ਕਿਹਾ ਕਿ- ਇਹ ਬਕਵਾਸ ਬੰਦ ਕਰੋ। ਇਸ ਦੀ ਤਸਦੀਕ ਸ. ਜੀਵਨਜੀਤ ਸਿੰਘ ਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਦਾ ਪਤਾ ਹੇਠਾਂ ਦੇ ਰਿਹਾ ਹਾਂ-

Jeeawnjit Singh, 71-B,Shakti Nagar,Sector-I, Bhopal-462024 , Phone No. 09589350506

ਫਿਰ ਵੀ ਮੈਨੂੰ ਆਪਣੇ ਸਿਖ ਹੋਣ ਦਾ ਕੋਈ ਅਭਿਮਾਨ ਨਹੀਂ। ਨਾ ਹੀ ਮੈਂ ਚੰਗਾ ਸਿਖ ਹੋ ਸਕਦਾ ਹਾਂ। ਚੰਗੇ ਸਿਰਫ਼ ਦਸ ਪਾਤਸ਼ਾਹ ਸਨ ਅਤੇ ਉਨ੍ਹਾਂ ਦੀ ਪਵਿਤਰ ਬਾਣੀ ਹੈ ਜਾਂ ਆਪ ਜੈਸੇ ਸਰਬ-ਗੁਣ ਸੰਪੰਨ ਸੁਹਿਰਦ ਗੁਰਸਿਖ। ਮੇਰੇ ਲਈ ਇਹੋ ਸ਼ਬਦ ਸ਼ੋਭਨੀਕ ਹਨ- ਕੁਚਿਲ ਕਠੋਰ ਕਪਟ ਕਾਮੀ ॥ ਜਿਉ ਜਾਨਹਿ ਤਿਉ ਤਾਰਿ ਸੁਆਮੀ। ਅਜਿਹੀ ਸਥਿਤੀ ਹੀ ਜੇ ਮਿਲ ਜਾਵੇ, ਤਾਂ ਬਹੁਤ ਵਡੀ ਪ੍ਰਾਪਤੀ ਹੈ। ਟਕਸਾਲੀ ਸਿਖ ਤੁਸੀਂ ਹੋ ਸਕਦੇ ਹੋ, ਮੈਂ ਨਹੀਂ। ਸਾਨੂੰ ਆਪਣੀ ਨਹੀਂ, ਆਪਣੇ ਗੁਰੂ ਦੀ ਉਚਿਆਈ ਅਤੇ ਪਵਿਤਰਤਾ ਦਾ ਹੀ ਮਾਨ ਬਥੇਰਾ ਹੈ। ਫਿਰ ਵੀ ਡਾ. ਮਾਨ ਨੂੰ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੇ ਮੇਰੇ ਉਤੇ ਅਸਿਖ ਹੀ ਨਹੀਂ ਗਦਾਰ ਸਿਖ ਹੋਣ ਦਾ ਬਹੁਤ ਹੀ ਗੰਭੀਰ ਦੋਸ਼ ਲਾਇਆ ਹੈ। ਹੁਣ ਉਨ੍ਹਾਂ ਦਾ ਨੈਤਿਕ ਫ਼ਰਜ਼ ਹੈ ਕਿ ਜਿਸ ਸ਼੍ਰੀ ਅਕਾਲ ਤਖ਼ਤ ਦੇ ਸਨਮਾਨ ਲਈ ਆਪਣੀ ਵਚਨਬਧਤਾ ਦੀਆਂ ਉਹ ਵਾਰ-ਵਾਰ ਸੌਂਹਾਂ ਖਾਂਦੇ ਹਨ, ਉਥੇ ਹਾਜ਼ਿਰ ਹੋ ਕੇ ਮੇਰੇ ਰਾਸ਼ਟਰੀ ਸਿਖ ਸੰਗਤ ਨਾਲ ਕਿਸੇ ਵੀ ਤਰ੍ਹਾਂ ਦੇ ਸੰਬੰਧ ਹੋਣੇ ਪ੍ਰਮਾਣਿਤ ਕਰ ਦੇਣ। ਮੇਰਾ ਉਨ੍ਹਾਂ ਨਾਲ ਵੀ, ਸਿਖ ਪੰਥ ਨਾਲ ਵੀ ਸਚਾ ਵਾਇਦਾ ਹੈ ਕਿ ਦੋਸ਼ੀ ਹੋਣ ਦੀ ਸੂਰਤ ਵਿਚ ਮੈਂ ਨਿਸ਼ਚਿਤ ਤੌਰ ਤੇ ਲਿਖਣ ਅਤੇ ਸਟੇਜ ਉਤੇ ਬੋਲਣ ਦਾ ਸਦਾ ਲਈ ਪਰਿਤਿਆਗ ਕਰ ਦੇਵਾਂਗਾ, ਪਰ ਜੇ ਉਹ ਅਜਿਹਾ ਨਾ ਕਰ ਸਕੇ, ਤਾਂ ਜਥੇਦਾਰ ਸ਼੍ਰੀ ਅਕਾਲ ਤਖ਼ਤ ਉਨ੍ਹਾਂ ਨੂੰ ਸਜ਼ਾ ਦੇਣ ਜਾਂ ਮੁਆਫ਼ ਕਰਨ, ਇਹ ਮੈਂ ਉਨ੍ਹਾਂ ਦੇ ਵਿਵੇਕ ਤੇ ਛਡ ਦੇਵਾਂਗਾ। ਪਰ ਇਹ ਜ਼ਰੂਰ ਹੈ ਕਿ ਜੇ ਡਾ. ਮਾਨ ਮੇਰੇ ਉਤੇ ਲਾਏ ਦੋਸ਼ ਨੂੰ ਪ੍ਰਮਾਣਿਤ ਨਹੀਂ ਕਰਦੇ ਜਾਂ ਗੁਨਾਹ ਲਈ ਮੁਆਫ਼ੀ ਨਹੀਂ ਮੰਗਦੇ, ਤਾਂ ਉਹ ਸਿਰਫ਼ ਮੇਰੇ ਦੋਸ਼ੀ ਨਹੀਂ, ਗੁਰੂ ਪੰਥ ਨਾਲ ਧੋਖਾ ਕਰਨ ਵਾਲੇ ਵਡੇ ਸਾਜ਼ਿਸ਼ੀ ਵਿਅਕਤੀ ਹੋਣਗੇ।

ਆਸ ਹੈ ਡਾ. ਜਸਬੀਰ ਸਿੰਘ ਮਾਨ ਇਤਨੀ ਸੇਵਾ ਪ੍ਰਵਾਨ ਕਰਨਗੇ।